Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਫਰਵਰੀ 2019 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਵੱਡੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਮੂਹ ਸਿੱਖਾਂ ਨੂੰ ਕੋਟਿਨ-ਕੋਟਿਨ ਪ੍ਰਣਾਮ !

5 ਫਰਵਰੀ 1762 ਕੁੱਪ-ਰੁਹੀੜੇ (ਨੇੜੇ ਮਲੇਰਕੋਟਲਾ) ਵਿਖੇ ਅਹਿਮਦ ਅਬਦਾਲੀ, ਜੈਨ ਖਾਨ (ਸਰਹੰਦ), ਮਲੇਰਕੋਟਲੇ ਦੇ ਭੀਖਣ ਖਾਨ ਦੀਆਂ ਫੌਜਾਂ ਨੇ ਸਿੱਖਾਂ ਦੀ ਵਹੀਰ ਜਿਸ ਵਿਚ ਬਿਰਧ ਬਾਬੇ, ਛੋਟੇ ਭੁਝੰਗੀ ਅਤੇ ਬੀਬੀਆਂ ਸ਼ਾਮਲ ਸਨ 'ਤੇ ਅਚਨਚੇਤ ਤੋਪਾਂ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਚਾਰੇ ਪਾਸੇ ਤੋਂ ਹਮਲਾ ਕੀਤਾ ਜਿਸ ਬਾਰੇ ਇਤਿਹਾਸਕਾਰ ਲਿਖਦਾ ਹੈ :

ਤੁਰਕ ਆਟਾ ਹਮ ਲੂਣ ਸਿਵਾਪੈਂ, ਵਹਿ ਅੰਧੇਰੀ ਹਮ ਬਰੇ ਲੋ ਲਿਵਾਪੈ।
ਤੁਰ ਤੁਰ ਲਰੋ ਓ ਲਰ ਲਰ ਤੁਰੋ। ਬਹੀਰ ਬਚਾਵਨ ਖਾਤਰ ਅੜੋ ॥੫੩॥...
ਲੜੈਂ ਨਠੈਂ ਖੜ ਖੜ ਮੁੜ ਲੜੈਂ, ਬਹੁਤੇ ਗਿਲਜੇ ਕਯਾ ਸਿੰਘ ਕਰੈਂ ॥੫੭॥...
ਜਿਮ ਕਰ ਕੁਕੜੀ ਬਚਿਅਨ ਛੁਪਾਵੈ, ਫਿਲਾਇ ਪੰਖ ਦੂਇ ਤਰਫ਼ ਰਖਾਵੈ।
ਇਮ ਖਾਲਸੇ ਨੈ ਬਹੀਰ ਛਪਾਯੋ। ਜੋ ਬਚ ਰਹਯੋ ਸੁ ਆਗੈ ਲਗਾਯੋ ॥੧੨੪॥



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਵੱਡਾ ਘੱਲੂਘਾਰਾ



ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ ਨੰਗੇ ਪਿੰਡੇ 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਸਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ ਹਵਾਵਾਂ ਹੱਥ ਸੁਨੇਹੇ ਭੇਜਣ ਲਗਦੇ ਸਨ। ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗ੍ਹੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ।

ਸਿੱਖ ਇਤਿਹਾਸ ਆਪਣੀ ਬੁੱਕਲ਼ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇੱਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਿਕ ਮੱਹਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਭਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੱਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ ਉਸ ਨੇ ਜੋ ਹਮਲਾ 1762 ਈ: ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ। ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸਦਾ ਛੇਵਾਂ ਹਮਲਾ ਸੀ। ਇਤਫ਼ਾਕ ਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਿਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762ਈ: ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਿਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ 1761 ਈ: ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਾਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ 1762 ਈ: ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਰੁਹੀੜੇ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵ

ਲਾਈਨ ’ਤੇ ਮੰਡੀ ਅਹਿਮਦਗੜ੍ਹ ਤੇ ਮਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਿਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ। ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਅਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇੱਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਅਤੇ ਬੱਚਿਆਂ ਸਮੇਤ ਲਗਪਗ-50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਹਨਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਗਲਭਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।(ਕੁਝ ਇਤਿਹਾਸਿਕ ਵਿਚਾਰ ਹਨ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ) ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ: ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ ‘ਦਲ ਖਾਲਸਾ ਕਿਹਾ ਜਾਂਦਾ ਸੀ’)।

5 ਫਰਵਰੀ, 1762 ਈ: ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ ’ਤੇ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ ‘ਵੱਡਾ ਘੱਲੂਘਾਰਾ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ, ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਓਂ ਘੇਰ ਰਹੀ ਸੀ, ਨੂੰ ਹਰਾ ਕੇ ਮਲੇਰਕੋਟਲਾ ਵੱਲ ਭਜਾ ਦਿੱਤਾ।

ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਪਰ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ: ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ ’ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

## ਦਇਆ ਧਰਮ ਦਾ ਲੱਛਣ ਹੈ, ਜਿਸ ’ਚ ਦਇਆ ਨਹੀਂ, ਉਸ ’ਚ ਧਰਮ ਨਹੀਂ।

**- ਹਜ਼ਰਤ ਮੁਹੰਮਦ**

# ਲੁਬਾਣਾ ਸੇਵਕ



**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
Engineer Parminderjit Singh
524, GMT Jalandhar
parminderjitsingh84@yahoo.com
M.: 99153-57524

**Co-Editor**
S. Joginder Singh Ajaib, 421-A,
Maharaja Ranjit Singh Avenue, Jalandhar-144009
M.: 98152-69145

Prof. Jaswant Singh Ph.D.
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**

ਸੰਗਰਾਂਦ - (੧ ਚੇਤਰ) 14-03-2019 (ਵੀਰਵਾਰ)
ਪੂਰਨਮਾਸ਼ੀ - (੮ ਚੇਤਰ) 21-03-2019 (ਵੀਰਵਾਰ)
ਮੱਸਿਆ - (੨੩ ਚੇਤਰ) 5-04-2019 (ਸ਼ੁੱਕਰਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 84 | ਫਰਵਰੀ - 2019



| | | |
|---|---|---|
| 1. | ਸਿਮਰੌ ਸ੍ਰੀ ਹਰਿਰਾਇ... | 5 |
| 2. | ਜਪੁ ਜੀ ਦਾ ਪਉੜੀ-ਵਾਰ ਭਾਵ | 7 |
| 3. | ਗੁਰਦੁਆਰਾ ਤੰਬੂ ਸਾਹਿਬ-ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ | 8 |
| 4. | ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ... | 9 |
| 5. | ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ | 11 |
| 6. | ਕੁਦਰਤ ਦੀ ਰਹਿਤ | 15 |
| 7. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 17 |
| 8. | ਬਜ਼ੁਰਗਵਾਲ | 21 |
| 9. | ਭਾਰਤ ਵਿੱਚ ਸੌਰ ਊਰਜਾ ਕ੍ਰਾਂਤੀ ਦਾ ਆਧੁਨਿਕੀਕਰਨ | 22 |
| 10. | ਸਾਕਾ ਸ੍ਰੀ ਨਨਕਾਣਾ ਸਾਹਿਬ | 25 |
| 11. | ਰੀਤੀਆਂ ਤੋਂ ਕੁਰੀਤੀਆਂ | 27 |
| 12. | ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਬੰਧ | 28 |
| 13. | ਆਓ ਜਾਣੀਏ ! | 30 |
| 14. | ਨਸ਼ਿਆਂ ਦੀ ਦਲਦਲ | 31 |
| 15. | ਸਿਹਤ ਸੰਭਾਲ | 34 |
| 16. | ਕਾਵਿ-ਕਿਆਰੀ | 36 |
| 17. | ਦਾਨੀ ਸੱਜਣਾਂ ਦੀ ਸੂਚੀ | 38 |
| 18. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

## 17 ਫਰਵਰੀ ਲਈ ਪ੍ਰਕਾਸ਼ ਦਿਹਾੜੇ 'ਤੇ

# ਸਿਮਰੋ ਸ੍ਰੀ ਹਰਿਰਾਇ ...



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ- ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਸ਼ਾਂਤ ਸੁਭਾਅ, ਦਇਆ, ਕੁਦਰਤ ਪ੍ਰੇਮੀ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਆਪ ਦਾ ਬਚਪਨ ਬੀਤਿਆ। ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**




ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ਼ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਖਰੀ ਹੁਕਮ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ

ਸਾਹਿਬ ਨੇ ਸ਼ਿਕਾਰ ਖੇਡਣਾ ਜਾਰੀ ਰੱਖਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ।

ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਮਸੰਦਾਂ ਤੇ ਮੀਣਿਆਂ ਨੇ ਗੁਰੂ ਸਾਹਿਬ ਦਾ ਵਿਰੋਧ ਕੀਤਾ। ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ ਤੱਕ ਕੇ 'ਦਾਰਾ ਸ਼ਿਕੋਹ' ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ।

ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ 'ਸ਼ਾਹ-ਰੂਮੀ' ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।

ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾਂ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈਃ ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ 'ਸਿਮਰੌ ਸ੍ਰੀ ਹਰਿਰਾਇ', ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

17 ਫਰਵਰੀ ਨੂੰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਚ ਪਹੁੰਚ ਕੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ।

ਗੁਰੂ ਘਰ ਦੇ ਗ੍ਰੰਥੀ ਸਿੰਘਾਂ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਆਓ ਹਰ ਪ੍ਰਾਣੀ ਦੀ ਆਪਣੀ ਲੋੜ ਅਨੁਸਾਰ ਮੱਦਦ ਕਰੀਏ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਸਫਲਾ ਕਰੀਏ।

# ਜਪੁ ਜੀ ਦਾ ਪਉੜੀ-ਵਾਰ ਭਾਵ

ਪ੍ਰੋ. ਸਾਹਿਬ ਸਿੰਘ

(ਖ) 28 ਤੋਂ 33

ਸਾਰੇ ਸੰਸਾਰ ਦੇ ਪੈਦਾ ਕਰਨ ਵਾਲੇ ਤੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦਾ ਸਿਮਰਨ ਹੀ ਜੀਵਨ-ਮਨੋਰਥ ਹੈ। ਸਿਮਰਨ ਹੀ ਰਜ਼ਾ ਵਿਚ ਟਿਕਾ ਕੇ ਪ੍ਰਭੂ ਨਾਲੋਂ ਜੀਵ ਦੀ ਵਿੱਥ ਮੇਟ ਸਕਦਾ ਹੈ।

ਜੋਗ-ਮਤ ਦੀ ਖਿੰਥਾ, ਮੁੰਦ੍ਰਾ, ਝੋਲੀ ਆਦਿਕ ਜੀਵ ਦੀ ਪ੍ਰਭੂ ਨਾਲੋਂ ਵਿੱਥ ਮਿਟਾਣ ਜੋਗੇ ਨਹੀਂ ਹਨ। ਜਿਉਂ ਜਿਉਂ ਯਾਦ ਵਿਚ ਜੁੜੋਗੇ, ਸੰਤੋਖ ਵਾਲਾ ਜੀਵਨ ਬਣੇਗਾ, ਹੱਕ ਦੀ ਮਿਹਨਤ ਕਰਨ ਦੀ ਜਾਂਚ ਆਵੇਗੀ, ਮੌਤ ਸਿਰ 'ਤੇ ਚੇਤੇ ਰਹੇਗੀ ਤੇ ਵਿਕਾਰਾਂ ਵਲੋਂ ਬਚੇ ਰਹੋਗੇ, ਪ੍ਰਭੂ ਦੀ ਹਸਤੀ ਵਿਚ ਯਕੀਨ ਬਣੇਗਾ ਤੇ ਸਾਰੀ ਖ਼ਲਾਕਤ ਵਿਚ ਉਹ ਵੱਸਦਾ ਦਿੱਸੇਗਾ।28।

ਸਿਮਰਨ ਦੀ ਬਰਕਤਿ ਨਾਲ ਇਹ ਗਿਆਨ ਪੈਦਾ ਹੋਵੇਗਾ ਕਿ ਪ੍ਰਭੂ ਸਭ ਥਾਂ ਭਰਪੂਰ ਹੈ ਤੇ ਸਭ ਦਾ ਸਾਈਂ ਹੈ, ਉਸ ਦੀ ਰਜ਼ਾ ਵਿਚ ਜੀਵ ਇਥੇ ਆ ਇਕੱਠੇ ਹੁੰਦੇ ਹਨ ਤੇ ਰਜ਼ਾ ਵਿਚ ਹੀ ਇਥੋਂ ਤੁਰ ਪੈਂਦੇ ਹਨ, ਇਸ ਤਰ੍ਹਾਂ ਖ਼ਲਕਤ ਨਾਲ ਪਿਆਰ ਕਰਨ ਦੀ ਜਾਚ ਆਵੇਗੀ। ਜੋਗ-ਅਭਿਆਸ ਦੀ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ ਸਿੱਧੀਆਂ ਨੂੰ ਉੱਚਾ ਸਮਝ ਲੈਣਾ ਭੁੱਲ ਹੈ, ਇਹ ਤਾਂ ਸਗੋਂ ਕੁਰਾਹੇ ਲੈ ਜਾਂਦੀਆਂ ਹਨ (ਇਹਨਾਂ ਦੀ ਸਹਾਇਤਾ ਨਾਲ ਜੋਗੀ ਲੋਕ ਆਮ ਜਨਤਾ ਉੱਤੇ ਦਬਾਉ ਪਾ ਕੇ ਉਹਨਾਂ ਨੂੰ ਇਨਸਾਨੀਅਤ ਤੋਂ ਡੇਗਦੇ ਹਨ)।29।

ਜਿਉਂ ਜਿਉਂ ਮਨੁੱਖ ਪ੍ਰਭੂ ਦੀ ਯਾਦ ਵਿਚ ਜੁੜਦਾ ਹੈ, ਤਿਉਂ ਤਿਉਂ ਉਸ ਨੂੰ ਇਹ ਖਿਆਲ ਕੱਚੇ ਜਾਪਦੇ ਹਨ ਕਿ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਕੋਈ ਵੱਖਰੀਆਂ ਹਸਤੀਆਂ ਜਗਤ ਦਾ ਪਰਬੰਧ ਚਲਾ ਰਹੀਆਂ ਹਨ। ਸਿਮਰਨ ਵਾਲੇ ਨੂੰ ਯਕੀਨ ਹੈ ਕਿ ਪ੍ਰਭੂ ਆਪ ਆਪਣੀ ਰਜ਼ਾ ਵਿਚ ਆਪਣੀ ਹੁਕਮ-ਸੱਤਾ ਨਾਲ ਜਗਤ ਦੀ ਕਾਰ ਚਲਾ ਰਿਹਾ ਹੈ, ਭਾਵੇਂ ਜੀਵਾਂ ਨੂੰ ਇਨ੍ਹਾਂ ਅੱਖਾਂ ਨਾਲ ਉਹ ਦਿੱਸਦਾ ਨਹੀਂ।30।

ਬੰਦਗੀ ਦੀ ਬਰਕਤਿ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਭਾਵੇਂ ਕਰਤਾਰ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਬੇਅੰਤ ਹੈ, ਫਿਰ ਭੀ ਉਸ ਦੀ ਪਾਲਣਾ ਕਰਨ ਲਈ ਉਸ ਦੇ ਭੰਡਾਰੇ ਭੀ ਬੇਅੰਤ ਹਨ, ਕਦੇ ਮੁੱਕ ਨਹੀਂ ਸਕਦੇ, ਉਸ ਦੇ ਇਸ ਪਰਬੰਧ ਦੇ ਰਾਹ ਵਿਚ ਕੋਈ ਰੋਕ ਨਹੀਂ ਪੈ ਸਕਦੀ।31।

('ਕੂੜ ਦੀ ਪਾਲਿ' ਵਿਚ ਘਿਰਿਆ ਜੀਵ ਦੁਨੀਆ ਦੇ ਚਿੰਤਾ-ਫ਼ਿਕਰ, ਦੁੱਖ-ਕਲੇਸ਼ ਦੇ ਟੋਏ ਵਿਚ ਡਿੱਗਾ ਰਹਿੰਦਾ ਹੈ, ਤੇ ਪ੍ਰਭੂ ਦਾ ਨਿਵਾਸ-ਅਸਥਾਨ ਮਾਨੋ, ਇਕ ਐਸਾ ਉੱਚਾ ਟਿਕਾਣਾ ਹੈ ਜਿਥੇ ਠੰਢ ਹੀ ਠੰਢ, ਸ਼ਾਂਤੀ ਹੀ ਸ਼ਾਂਤੀ ਹੈ)। ਇਸ ਨੀਵੇਂ ਥਾਂ ਤੋਂ ਉਸ ਉੱਚੀ ਅਰਸ਼ੀ ਅਵਸਥਾ 'ਤੇ ਮਨੁੱਖ ਤਦੋਂ ਹੀ ਅੱਪੜ ਸਕਦਾ ਹੈ, ਜੇ 'ਸਿਮਰਨ' ਦੀ ਪਉੜੀ ਦਾ ਆਸਰਾ ਲਏ, 'ਤੂੰ ਤੂੰ' ਕਰਦਾ 'ਤੂੰ' ਵਿਚ ਹੀ ਆਪ ਲੀਨ ਕਰ ਦੇਵੇ। ਇਸ 'ਆਪਾ' ਵਾਰਨ ਤੋਂ ਬਿਨਾਂ ਇਹ 'ਯਾਦ' ਵਾਲਾ ਉੱਦਮ ਇਉਂ ਹੀ ਹੈ, ਜਿਵੇਂ ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜੀਆਂ ਨੂੰ ਉਥੇ ਅੱਪੜਨ ਦਾ ਸ਼ੌਕ ਪੈਦਾ ਹੋ ਜਾਏ, ਪਰ ਤੁਰਨ ਆਪਣੀ ਕੀੜੀ ਵਾਲੀ ਰਫ਼ਤਾਰ ਨਾਲ ਹੀ। ਇਹ ਭੀ ਠੀਕ ਹੈ ਕਿ ਪ੍ਰਭੂ ਦੀ ਮਰਜ਼ੀ ਵਿਚ ਆਪਣੀ ਮਰਜ਼ੀ ਨੂੰ ਉਹੀ ਮਨੁੱਖ ਮਿਟਾਂਦੇ ਹਨ, ਜਿਨ੍ਹਾਂ ਉੱਤੇ ਪ੍ਰਭੂ ਦੀ ਮਿਹਰ ਹੋਵੇ।32।

ਭਲੇ ਪਾਸੇ ਤੁਰਨਾ ਜਾਂ ਕੁਰਾਹੇ ਪੈ ਜਾਣਾ ਜੀਵਾਂ ਦੇ ਆਪਣੇ ਵੱਸ ਦੀ ਗੱਲ ਨਹੀਂ, ਜਿਸ ਪ੍ਰਭੂ ਨੇ ਪੈਦਾ ਕੀਤੇ ਹਨ, ਉਹੀ ਇਹਨਾਂ ਪੁਤਲੀਆਂ ਨੂੰ ਖਿਡਾ ਰਿਹ ਹੈ। ਸੋ ਜੇ ਕੋਈ ਜੀਵ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਰਿਹਾ ਹੈ ਤਾਂ ਇਹ ਪ੍ਰਭੂ ਦੀ ਆਪਣੀ ਮਿਹਰ ਹੈ, ਜੋ ਕੋਈ ਇਸ ਪਾਸੇ ਵਲੋਂ ਖੁੰਝਾ ਪਿਆ ਹੈ ਤਾਂ ਵੀ ਇਹ ਮਾਲਕ ਦੀ ਰਜ਼ਾ ਹੈ।

ਜੇ ਅਸੀਂ ਉਸ ਦੇ ਦਰ ਤੋਂ ਦਾਤਾਂ ਮੰਗਦੇ ਹਾਂ ਤਾਂ ਇਹ ਪ੍ਰੇਰਨਾ ਭੀ ਉਹ ਆਪ ਹੀ ਕਰਨ ਵਾਲਾ ਹੈ ਤੇ ਫਿਰ ਦਾਤਾਂ ਦੇਂਦਾ ਭੀ ਆਪ ਹੀ ਹੈ। ਜੇ ਕੋਈ ਜੀਵ ਰਾਜ ਤੇ ਧਨ ਦੇ ਮਦ ਵਿਚ ਮੱਤਾ ਪਿਆ ਹੈ ਇਹ ਭੀ ਰਜ਼ਾ ਪ੍ਰਭੂ ਦੀ ਹੈ, ਜੇ ਕਿਸੇ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਹੈ ਤੇ ਜੀਵਨ-ਜੁਗਤਿ ਸੁਥਰੀ ਹੈ ਤਾਂ ਇਹ ਮਿਹਰ ਭੀ ਪ੍ਰਭੂ ਦੀ ਹੀ ਹੈ।33।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ

## ਗੁਰਦੁਆਰਾ ਤੰਬੂ ਸਾਹਿਬ (ਨਨਕਾਣਾ ਸਾਹਿਬ)

ਇਸ ਅਸਥਾਨ 'ਤੇ ਤੰਬੂ ਦੀ ਤਰ੍ਹਾਂ ਫੈਲਿਆ ਹੋਇਆ ਇਕ ਵਣ ਦਾ ਵਿਸ਼ਾਲ ਪੁਰਾਣਾ ਦਰੱਖ਼ਤ ਹੈ, ਜਿਸ ਦੀਆਂ ਟਹਿਣੀਆਂ ਜ਼ਮੀਨ ਨੂੰ



ਛੂੰਹਦੀਆਂ ਹਨ ਤੇ ਵਿਚਕਾਰੋਂ ਉੱਚਾ ਹੈ। ਸਿੱਖ ਇਤਿਹਾਸ ਅਨੁਸਾਰ ਇਸ ਅਸਥਾਨ 'ਤੇ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਚੂਹੜਕਾਣੇ ਤੋਂ ਸੱਚਾ ਸੌਦਾ ਕਰ ਵਾਪਸੀ ਸਮੇਂ ਰੁਕੇ ਸਨ। ਗੁਰੂ ਜੀ ਸੱਚਾ ਸੌਦਾ ਕਰਨ ਲਈ ਦਿੱਤੇ 20 ਰੁਪਿਆਂ ਦਾ ਭੁੱਖਿਆਂ ਸਾਧੂਆਂ ਨੂੰ ਭੋਜਨ ਛਕਾ ਆਏ ਸਨ। ਜਦ ਮਹਿਤਾ ਕਾਲੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਪੁੱਤਰ ਭਾਵਨਾ ਨਾਲ ਗੁਰੂ ਜੀ ਨੂੰ ਪਹਿਲਾਂ ਨਰਾਜ਼ ਹੋਏ ਤੇ ਫਿਰ ਉਠਾ ਕੇ ਘਰ ਲੈ ਗਏ। ਜਦ ਮਹਿਤਾ ਕਾਲੂ ਜੀ ਨੇ ਕੁਝ ਤਾੜਨਾ ਭਰੇ ਸ਼ਬਦ ਕਹੇ ਤਾਂ ਆਪ ਜੀ ਨੇ ਫ਼ੁਰਮਾਇਆ ਕਿ ਮੈਂ ਤਾਂ ਆਪ ਜੀ ਦੀ ਮਾਇਆ ਸੰਵਾਰ ਆਇਆ ਹਾਂ। ਜਦ ਰਾਇ ਬੁਲਾਰ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਮਹਿਤਾ ਕਾਲੂ ਜੀ ਨੂੰ ਕਿਹਾ, "ਪਟਵਾਰੀ ਜੀ ! ਮਤੇ ਇਸ ਬਾਲਕ ਨੂੰ ਕੁਝ ਆਖੋ, ਇਸ ਸਦਕਾਂ ਤਾਂ ਮੇਰਾ ਸ਼ਹਿਰ ਵਸਦਾ ਹੈ।" ਵਣ ਦੇ ਦਰੱਖ਼ਤ ਨਾਲ ਯਾਦਗਾਰੀ ਗੁਰਦੁਆਰੇ ਦੀ ਇਮਾਰਤ ਸੁਭਾਇਮਾਨ ਹੈ ਪਰ ਪ੍ਰਕਾਸ਼ ਨਹੀਂ ਹੁੰਦਾ। ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਇਕ ਕਿਲੋਮੀਟਰ ਦੀ ਵਿੱਥ 'ਤੇ ਹੈ। ਯਾਤਰਾ ਸਮੇਂ ਸਿੱਖ ਸ਼ਰਧਾਲੂ ਇਸ ਅਸਥਾਨ 'ਤੇ ਵੀ ਸਿਰ ਝੁਕਾ, ਆਪਣੇ ਧੰਨ ਭਾਗ ਸਮਝਦੇ ਹਨ।

## ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ (ਨਨਕਾਣਾ ਸਾਹਿਬ)

ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹਾੜ ਮਹੀਨੇ ਸੰਮਤ 1670 ਮੁਤਾਬਿਕ 1613 ਈ. ਨੂੰ ਕਸ਼ਮੀਰ ਤੋਂ ਵਾਪਸੀ ਸਮੇਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਚਰਨ ਛੋਹ ਪ੍ਰਾਪਤ ਧਰਤ, ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਏ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਸ੍ਰੀ ਚੰਦ ਦੇ ਚੇਲੇ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਲਈ ਸਥਾਪਿਤ ਕੀਤਾ। ਅਲਮਸਤ ਜੀ ਨੂੰ, ਗੁਰੂ ਜੀ ਕਸ਼ਮੀਰ ਯਾਤਰਾ ਤੋਂ ਮੁੜਦੇ ਨਾਲ ਲਿਆਏ ਸਨ। ਜਿਸ ਜਗ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜੇ ਸਨ, ਉਸ ਜਗ੍ਹਾ 'ਤੇ ਬਾਅਦ ਵਿਚ ਯਾਦਗਾਰੀ ਗੁਰਦੁਆਰਾ ਬਣਾਇਆ ਗਿਆ ਹੈ। ਇਹ ਗੁਰ-ਅਸਥਾਨ, ਗੁਰਦੁਆਰਾ ਤੰਬੂ ਸਾਹਿਬ ਦੇ ਨਜ਼ਦੀਕ ਹੀ ਹੈ। ਗੁਰੂ ਜੀ ਇਸ ਜਗ੍ਹਾ ਤਿੰਨ ਦਿਨ ਠਹਿਰੇ ਸਨ। ਗੁਰੂ ਜੀ ਇਥੇ ਹਾੜ ਮਹੀਨੇ ਨਿਮਾਣੀ-ਇਕਾਦਸ਼ੀ ਨੂੰ ਆਏ ਅਤੇ ਉਸ ਦਿਨ ਦਾ ਮੇਲਾ ਰਚਿਆ। ਇਹ ਮੇਲਾ ਕੱਤਕ ਦੀ ਪੂਰਨਮਾਸ਼ੀ ਨੂੰ ਲੱਗਦਾ ਹੈ ਪਰ ਪਿਛੋਂ ਬੰਦ ਹੋ ਗਿਆ। ਇਸ ਗੁਰਦੁਆਰੇ ਦੇ ਨਾਲ ਹੀ ਇਕ ਹੋਰ ਗੁਰਦੁਆਰਾ ਹੈ। ਕਿਹਾ ਜਾਂਦਾ ਹੈ ਕਿ ਇਥੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮੁਬਾਰਕ ਚਰਨ ਪਾਏ ਸਨ। ਇਮਾਰਤ ਸੁਰੱਖਿਅਤ ਹੈ ਪਰ ਪ੍ਰਕਾਸ਼ ਦਾ ਪ੍ਰਬੰਧ ਨਹੀਂ ਹੈ।





# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

**ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)**



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ

ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, "NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

**ਜਸਬੀਰ ਸਿੰਘ ਸਾਬਰ (ਡਾ.)**

ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।



ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ**
**ਇਕੱਤ੍ਰ ਹੋ ਗਏ ਥੇ।**

ਸ੍ਰੀ ਕੇ.ਐੱਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ-

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ **ਹਿੱਸਾ ਬਨ ਗਿਆ ਥਾ।**

**ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।**

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ -

**ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ**

ਕਾ ਦੈਨਿਕ ਚਰਯਾ ਥਾ।

ਧਰਮ-ਖੇਤਰ ਵਿਚ ਵਿਭਿੰਨ ਮੱਤ-ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ:

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**

**(ਤ੍ਵਪ੍ਰਸਾਦਿ ਸਵੱਯੇ)**

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ-ਲਾਭ ਦੀ ਇਸ ਹਵਸ ਨੇ ਮਾਨਵੀ-ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼-ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ-ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ-ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ-ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ-ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ-ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ-ਮੂਤਰ ਨਾਲ ਨਵ-ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ-ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ-ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ-ਬ-ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ - ਤਤਕਾਲੀ ਸਮਾਜ। ਇਸ ਲਈ ਰੋਗੀ-ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ-ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਸਮਾਜ ਦਾ ਨਿਰਮਾਣ-ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ-ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ-ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਮਾਨਵ-ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ-ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ-ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ-ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ-ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ-ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ-ਚੇਤਨਾ ਵਿਚੋਂ ਹੀਨ-ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ-ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ' ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ -

**ਅਗਰ ਦਲਿਤ ਕਾ ਅਰਥ**
**ਗੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**
**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**

**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**

**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।**

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੁਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਊਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥**

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**

**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ:

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**

**ਕਨਕ ਕਟਿਕ ਜਲ ਤਰੰਗ ਜੈਸਾ॥**

**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ – ਹੇ ਪ੍ਰਭੂ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ:

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**

**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**

**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ:

**ਸੰਪਤਿ ਬਿਪਤਿ ਪਟਲ ਮਾਇਆ ਧਨੁ॥**

**ਤਾ ਮਹਿ ਮਗਨ ਹੋਤ ਨ ਤੇਰੋ ਜਨੁ॥**

**(ਆਸਾ ਰਵਿਦਾਸ ਜੀ, ਪੰਨਾ ੪੮੭)**

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ:

**ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥**

**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ

ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥**

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ :

**ਊਚੇ ਮੰਦਰ ਸਾਲ ਰਸੋਈ॥**

**ਏਕ ਘਰੀ ਫੁਨਿ ਰਹਨੁ ਨ ਹੋਈ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ :

**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**

**ਜੈਸੇ ਤਰਵਰ ਪੰਖਿ ਬਸੇਰਾ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ :

**ਕਿਆ ਤੂ ਸੋਇਆ ਜਾਗੁ ਇਆਨਾ॥**

**ਤੈ ਜੀਵਨੁ ਜਗਿ ਸਚੁ ਕਰਿ ਜਾਨਾ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਕੁਦਰਤ ਦੀ ਰਹਿਤ

**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**


**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

**ਅਪੁ ਤੇਜ ਬਾਇ ਪ੍ਰਿਥਮੀ ਅਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥**

**(ਗਉੜੀ ਗਬੀਰ ਜੀ, ਪੰਨਾ 327)**

ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਮੈਂ ਹੁਣ ਪਾਣੀ, ਅੱਗ, ਹਵਾ, ਧਰਤੀ ਤੇ ਅਕਾਸ਼ ਵਾਲੀ ਰਹਿਤ ਵਿਚ ਰਹਿ ਰਿਹਾ ਹਾਂ।

ਅਸੀਂ ਜਦੋਂ ਵੀ ਕੋਈ ਮਸ਼ੀਨ ਖਰੀਦਦੇ ਹਾਂ ਤਾਂ ਉਸ ਦੇ ਸਿਸਟਮ ਨੂੰ ਸਮਝਣ ਵਾਸਤੇ ਨਾਲ ਕਿਤਾਬ ਦੇ ਦਿੱਤੀ ਜਾਂਦੀ ਹੈ। ਪੁਰਜ਼ਿਆਂ ਦੀ ਮਰਯਾਦਾ ਸਮਝਣ ਵਾਸਤੇ ਕਿਤਾਬ ਸਹਾਇਕ ਹੈ ਪਰ ਤਾਂ ਸਹਾਇਕ ਹੈ ਜੇ ਮਸ਼ੀਨ ਕੋਲ ਹੋਵੇ। ਗੱਡੀ ਕੋਲ ਨਾ ਹੋਵੇ ਤਾਂ ਨਿਰੀ ਕਿਤਾਬ ਕਿਸੇ ਕੰਮ ਨਹੀਂ, ਸਿਸਟਮ ਜੋ ਕੰਮ ਕਰ ਰਿਹਾ ਹੈ ਉਹ ਗੱਡੀ ਵਿਚ ਹੈ। ਇਸੇ ਤਰ੍ਹਾਂ ਜੋ ਜੀਵਨ ਦੀ ਮਰਯਾਦਾ ਹੈ ਉਹ ਪ੍ਰਮਾਤਮਾ ਨੇ ਇਸ ਸਰੀਰ ਵਿਚ ਰੱਖੀ ਹੈ। ਧਾਰਮਿਕ ਗ੍ਰੰਥ, ਧਾਰਮਿਕ ਉਪਦੇਸ਼ ਉਸ ਮਰਯਾਦਾ ਨੂੰ ਸਮਝਣ ਵਿਚ ਸਹਾਇਤਾ ਕਰ ਸਕਦੇ ਹਨ ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਮਰਯਾਦਾ ਇਸ ਸਰੀਰ ਵਿਚ ਹੈ ਜੋ ਕੰਮ ਕਰ ਰਹੀ ਹੈ।



ਸਤਿਗੁਰੂ ਨਾਨਕ ਦੇਵ ਜੀ ਜਪੁ ਵਿਚ ਫਰਮਾਉਂਦੇ ਹਨ ਕਿ ਜਿਸ ਹੁਕਮ ਰਜ਼ਾ ਵਿਚ ਜੀਵਨ ਦੀ ਗੱਡੀ ਨੇ ਚੱਲਣਾ ਹੈ, ਉਹ ਸਕ੍ਰਿਆ ਮਰਯਾਦਾ ਪ੍ਰਮਾਤਮਾ ਨੇ ਤੇਰੇ ਵਿਚ ਹੀ ਰੱਖੀ ਹੈ ਉਹ ਹੁਕਮ ਸਕ੍ਰਿਆ ਰੂਪ ਵਿਚ ਤੇਰੇ ਅੰਦਰ ਵਰਤ ਰਿਹਾ ਹੈ।

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**

**(ਜਪੁ)**

ਜੋ ਬ੍ਰਹਿਮੰਡ ਵਿਚ ਹੈ, ਉਹੀ ਕੁਝ ਪਿੰਡ ਵਿਚ ਹੈ ਇਸ ਸਰੀਰ ਵਿਚ ਹੈ। ਇਹੀ ਕਾਰਨ ਹੈ ਕਿ ਜੇ ਬੰਦੇ ਦੀ ਕੁਝ ਸਮਝਣ ਦੀ ਨੀਯਤ ਹੋਵੇ ਤਾਂ ਬ੍ਰਹਮੰਡ ਦੀ ਇਕ-ਇਕ ਵਸਤੂ ਇਸ ਮਨੁੱਖ ਲਈ ਖੁੱਲ੍ਹੀ ਕਿਤਾਬ ਹੈ। ਜੇ ਇਹ ਪੜ੍ਹ ਸਕੇ ਤਾਂ ਇਸ ਦੇ ਜੀਵਨ ਦੇ ਕਾਫੀ ਮਸਲੇ ਹੱਲ ਹੋ ਸਕਦੇ ਹਨ। ਇਹ ਸਰੀਰ ਪੰਜਾਂ ਤੱਤਾਂ ਤੋਂ ਬਣਿਆ ਹੈ ਕਬੀਰ ਸਾਹਿਬ ਜੀ ਦੇ ਕਥਨ ਅਨੁਸਾਰ, ਜੇ ਮਨੁੱਖ ਪੰਜਾਂ ਤੱਤਾਂ ਦੇ ਪੰਜ ਗੁਣ ਧਾਰਨ ਕਰ ਲਵੇ ਤਾਂ ਇਸੇ ਰਹਿਤ ਅਨੁਸਾਰ ਇਸਨੂੰ ਪ੍ਰਮਾਤਮਾ ਦੀ ਨੇੜਤਾ ਪ੍ਰਾਪਤ ਹੋ ਸਕਦੀ ਹੈ।

ਜਿਵੇਂ ਪੰਜਾਂ ਤੱਤਾਂ ਦੇ ਪੰਜ ਗੁਣਾਂ ਨੂੰ ਸਤਿਗੁਰੂ ਰਾਮਦਾਸ ਜੀ ਕਹਿੰਦੇ ਹਨ

**ਹਰਿ ਆਪੇ ਪੰਚ ਤਤੁ ਬਿਸਤਾਰਾ ਵਿਚਿ ਧਾਤੂ ਪੰਚ ਆਪਿ ਪਾਵੈ ।**

**(ਬੈਰਾੜੀ ਮ. 4, ਪੰਨਾ 720)**

ਉਹ ਪੰਜ ਧਾਤੂ ਹਨ - ਸ਼ਬਦ, ਸਪਰਸ਼, ਰੂਪ, ਰਸ, ਗੰਧ।

ਅਕਾਸ਼ ਦਾ ਸ਼ਬਦ ਹੈ, ਹਵਾ ਦਾ ਸਪਰਸ਼ ਹੈ, ਅਗਨੀ ਦਾ ਰੂਪ ਹੈ, ਜਲ ਦਾ ਰਸ ਹੈ ਅਤੇ ਧਰਤੀ ਦਾ ਗੰਧ ਹੈ।

ਇਸੇ ਤਰ੍ਹਾਂ ਪੰਜਾਂ ਤੱਤਾਂ ਦੇ ਪੰਜ ਸੁਭਾਅ ਵੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਲਿਖੇ ਹਨ।

ਅਕਾਸ਼ ਦੀ ਰਹਿਤ ਹੈ ਕਿ ਅਕਾਸ਼ ਵਿਆਪਕ ਹੈ, ਹਰ ਥਾਂ ਹੈ। ਅਸ਼ਟਾਵਕਰ ਨੇ ਜਨਕ ਨੂੰ ਸਮਝਾਉਣ ਲਈ ਇਹੀ ਪ੍ਰਮਾਣ ਦਿੱਤਾ ਸੀ ਕਿ ਇਹ ਵਿਦਵਾਨ ਜੋ ਮੇਰੇ ਸਰੀਰ ਨੂੰ ਵੇਖ ਕੇ ਹੱਸ ਰਹੇ ਹਨ ਇਨ੍ਹਾਂ ਨੂੰ ਇੰਨੀ ਤਾਂ ਸਮਝ ਹੋਣੀ ਚਾਹੀਦੀ ਹੈ ਕਿ ਘੜਾ ਟੇਢਾ ਹੋਣ ਨਾਲ ਅਕਾਸ਼ ਟੇਢਾ ਨਹੀਂ ਹੁੰਦਾ। ਅਨੇਕਾਂ ਘੜੇ ਵਿੰਗੇ ਟੇਢੇ ਬਣਦੇ ਹਨ, ਟੁੱਟਦੇ ਹਨ ਪਰ ਅਕਾਸ਼ ਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ। ਮਨੁੱਖ ਦਾ ਹਿਰਦਾ ਵੀ ਕਦੀ ਅਕਾਸ਼ ਦੀ ਤਰ੍ਹਾਂ ਖੁੱਲ੍ਹਾ ਹੋਵੇ ਕਿ ਜਿਹੜਾ ਆਵੇ ਇਸ ਦੇ ਹਿਰਦੇ ਵਿਚ ਥਾਂ ਮਿਲ ਸਕੇ ਤਾਂ ਇਹ ਅਕਾਸ਼ ਦੀ ਰਹਿਤ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਅਕਾਸ਼ ਦੇ ਵਿਚ ਵਿਚਰਦਿਆਂ ਹੋਇਆਂ ਅਤੇ ਮਨੁੱਖ ਦੇ ਆਪਣੇ ਅੰਦਰ ਵੀ ਅਕਾਸ਼ ਹੁੰਦਿਆਂ ਹੋਇਆਂ ਇਸ ਦਾ ਅਕਾਸ਼ ਨਾਲ ਕੋਈ ਸੰਬੰਧ ਨਹੀਂ ਬਣ ਰਿਹਾ। ਅਕਾਸ਼ ਇਸਨੂੰ ਵਾਰ-ਵਾਰ ਸਬਕ ਦੇ ਰਿਹਾ ਹੈ ਪਰ ਮਨੁੱਖ ਅਕਾਸ਼ ਦਾ ਉਪਦੇਸ਼ ਸੁਣਨ ਵਾਸਤੇ ਤਿਆਰ ਨਹੀਂ। ਇਸ ਮਨੁੱਖ ਨੇ ਵਾਰ-ਵਾਰ ਅਕਾਸ਼ ਨੂੰ ਘੇਰਿਆ ਹੈ। ਅਸੀਂ ਘੇਰ ਰਹੇ ਹਾਂ ਸਾਡੇ ਤੋਂ ਪਹਿਲਾਂ ਜੋ ਹੋ ਗੁਜ਼ਰੇ ਹਨ ਉਨ੍ਹਾਂ ਨੇ ਵੀ ਹੱਦਾਂ ਬਣਾਈਆਂ ਹਨ ਪਰ ਅਕਾਸ਼ ਸਾਡੇ ਘੇਰੇ ਨੂੰ ਤੋੜ ਦਿੰਦਾ ਹੈ। ਘੇਰੇ ਵਿਚ ਕੈਦ ਰਹਿਣਾ ਉਸ ਦਾ ਸੁਭਾਅ ਨਹੀਂ। ਪਰ ਅਸੀਂ ਅਜੇ ਤੱਕ ਨਹੀਂ ਸਮਝ ਸਕੇ ਕਿ ਅਕਾਸ਼ ਨੇ ਤਾਂ ਸਾਡੇ ਘੇਰੇ ਵਿਚ ਨਹੀਂ ਆਉਣਾ, ਅਸੀਂ ਹੀ ਅਕਾਸ਼ ਵਰਗੇ ਖੁੱਲ੍ਹੇ-ਡੁੱਲ੍ਹੇ ਹੋ ਜਾਈਏ।

ਇਕ ਵਾਰ ਇਕ ਫ਼ਕੀਰ ਨੇ ਆਪਣੇ ਮੁਰੀਦਾਂ ਦੀ ਪ੍ਰੀਖਿਆ ਕਰਨੀ ਸੀ ਉਹ ਉਨ੍ਹਾਂ ਨੂੰ ਅਕਾਸ਼ ਵਰਗੇ ਹੋਣ ਦੀ ਸਿੱਖਿਆ ਦਿੰਦਾ ਰਿਹਾ ਸੀ। ਕਹਿਣ ਲੱਗਾ ਜਾਉ, ਸਰਬ ਵਿਆਪਕ ਦਾ ਧਿਆਨ ਧਰਨ ਵਾਸਤੇ ਝੌਂਪੜੀਆਂ ਬਣਾਉ, ਸੋਹਣੀਆਂ ਬਣਾਉਣੀਆਂ ਜਿਥੇ ਬੈਠਦਿਆਂ ਹੀ ਅਕਾਸ਼ ਵਾਂਗੂ ਖੁੱਲ੍ਹੇ ਹੋ ਸਕੋ। ਬਾਕੀ ਮੁਰੀਦਾਂ ਨੇ ਝੌਂਪੜੀਆਂ ਬਣਾਈਆਂ ਪਰ ਇਕ ਖੁਲ੍ਹੇ ਬਾਹਰ ਬੈਠਾ ਰਿਹਾ। ਕੁਝ ਮੁਰੀਦਾਂ ਦੇ ਮਨ ਵਿਚ ਖਿਆਲ ਆਇਆ ਕਿ ਇਕ

ਆਲਸੀ ਨੇ ਤਾਂ ਕਰਨਾ ਕੁਝ ਨਹੀਂ ਚਲੋ ਸੇਵਾ ਹੀ ਸਾਡਾ ਧਰਮ ਹੈ ਰਲ ਕੇ ਇਸ ਦੀ ਝੌਂਪੜੀ ਵੀ ਬਣਾ ਦੇਈਏ ਸਾਰਿਆਂ ਨੇ ਮਿਲ ਕੇ ਉਸ ਦੀ ਝੌਂਪੜੀ ਬਣਾ ਦਿੱਤੀ। ਜਦੋਂ ਸਾਰੇ ਧਿਆਨ ਧਰ ਰਹੇ ਸਨ, ਉਸ ਨੇ ਆਪਣੀ ਝੌਂਪੜੀ ਗਿਰਾ ਦਿੱਤੀ ਤੇ ਫਿਰ ਖੁਲ੍ਹੇ ਥਾਂ ਤੇ ਬੈਠ ਗਿਆ। ਉਸਤਾਦ ਵੇਖ ਰਿਹਾ ਸੀ। ਉਹ ਪ੍ਰੀਖਿਆ ਵਾਸਤੇ ਆਇਆ। ਸਾਰਿਆਂ ਦੀਆਂ ਝੌਂਪੜੀਆਂ ਨੂੰ ਵੇਖਿਆ ਉਨ੍ਹਾਂ ਸ਼ਿਕਾਇਤ ਵੀ ਕੀਤੀ ਕਿ ਇਸ ਆਲਸੀ ਨੂੰ ਅਸੀਂ ਝੌਂਪੜੀ ਬਣਾ ਕੇ ਦਿੱਤੀ ਸੀ ਇਹ ਬਣਾਉਣ ਵਾਸਤੇ ਤਾਂ ਨਾਲ ਨਹੀਂ ਹੋਇਆ ਪਰ ਇਸ ਨੇ ਬਣੀ ਬਣਾਈ ਗਿਰਾ ਦਿੱਤੀ। ਉਸਤਾਦ ਨੇ ਪੁੱਛਿਆ, "ਕਿਉਂ ਭਾਈ ! ਤੂੰ ਝੌਂਪੜੀ ਬਣਾਈ ਨਹੀਂ ਅਤੇ ਬਣੀ ਹੋਈ ਕਿਉਂ ਗਿਰਾ ਦਿੱਤੀ ਹੈ।" ਉਹ ਅੱਗੋਂ ਕਹਿਣ ਲੱਗਾ ਤੁਹਾਡਾ ਹੁਕਮ ਸੀ ਕਿ ਅਕਾਸ਼ ਵਰਗੇ ਖੁੱਲ੍ਹੇ ਹੋ ਜਾਉ ਵਿਆਪਕਤਾ ਦਾ ਧਿਆਨ ਧਰੋ। ਮੈਂ ਸੋਚਿਆ ਕਿ ਅਕਾਸ਼ ਵਰਗੇ ਵਿਆਪਕ ਹੋਣ ਲਈ ਇਹ ਛੋਟੀਆਂ ਝੌਂਪੜੀਆਂ ਤਾਂ ਰੋਕ ਹੋਣਗੀਆਂ ਫਿਰ ਇਹ ਧਿਆਨ ਤਾਂ ਖੁੱਲ੍ਹੇ ਅਕਾਸ਼ ਥੱਲੇ ਹੀ ਠੀਕ ਹੈ। ਮੈਂ ਕੋਈ ਹੱਦ ਨਹੀਂ ਰਹਿਣ ਦਿੱਤੀ। ਮੁਰਸ਼ਦ ਪ੍ਰਸੰਨ ਹੋ ਗਿਆ, ਕਹਿਣ ਲੱਗਾ ਸਾਰਿਆਂ ਵਿਚੋਂ ਇਕ ਤੂੰ ਹੀ ਸਫਲ ਹੋਇਆ ਹੈ। ਮਨੁੱਖ ਦੀਆਂ ਹੱਦਾਂ ਨੇ ਹੀ ਧਰਤੀ ਨੂੰ ਨਰਕ ਬਣਾ ਦਿੱਤਾ ਹੈ ਅਕਾਸ਼ ਵਰਗੇ ਬੇਹੱਦ ਵਿਆਪਕ ਤੇ ਨਿਰਲੇਪ ਰਹਿਣਾ ਹੈ। ਬ੍ਰਹਮ ਗਿਆਨੀ ਦੇ ਮਨ ਵਿਚ ਇਹ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਇਸੇ ਲਈ ਉਹ ਸਾਰੇ ਜਗਤ ਨੂੰ ਆਪਣਾ ਸਮਝਦਾ ਹੈ।

**ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਅਕਾਸੁ ॥**

ਅਸੀਂ ਹਵਾ ਵਰਗੀ ਰਹਿਤ ਰੱਖਣੀ ਹੈ ਜਿਵੇਂ ਹਵਾ ਗਰੀਬ, ਅਮੀਰ, ਰਾਜੇ, ਰੰਕ ਨੂੰ ਇਕੋ ਜਿਹੀ ਲੱਗਦੀ ਹੈ ਇਸੇ ਤਰ੍ਹਾਂ ਗੁਰਮੁਖ ਰਹਿਤਧਾਰੀ ਦਾ ਵਰਤਾਵਾ ਸਭ ਨਾਲ ਇਕੋ ਜਿਹਾ ਹੁੰਦਾ ਹੈ।

**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥**
**ਜੈਸੇ ਰਾਜ ਰੰਕ ਕਉ ਲਾਗੈ ਤੁਲ ਪਵਾਨ ॥**

ਬ੍ਰਹਮ ਗਿਆਨੀ ਦਾ ਇਹ ਗੁਣ ਹੁੰਦਾ ਹੈ ਕਿ ਜਿਵੇਂ ਅੱਗ ਸੁਭਾਵਕ ਹੀ ਵਸਤੂ ਦੀ ਮੈਲ ਸਾੜ ਕੇ ਉਸਨੂੰ ਸਾਫ਼ ਕਰਦੀ ਹੈ ਇਸੇ ਤਰ੍ਹਾਂ ਅਗਨੀ ਦਾ ਇਕ ਗੁਣ ਅੰਦਰ ਪੈਦਾ ਹੋ ਜਾਂਦਾ ਹੈ। ਬ੍ਰਹਮ ਗਿਆਨੀ ਦੇ ਮਨ ਦੀ ਮੈਲ ਬ੍ਰਹਮ ਅਗਨੀ ਸਾੜ ਦਿੰਦੀ ਹੈ। ਜਿਵੇਂ ਕਿ ਕਥਾ ਹੈ ਕਿ ਸੀਤਾ ਅਗਨੀ ਵਿਚੋਂ ਗੁਜ਼ਰ ਗਈ ਪਰ ਸੜੀ ਨਹੀਂ। ਪਰ ਰਾਮ ਦਾ ਸ਼ੱਕ ਤੇ ਬਾਕੀ ਦੁਨੀਆਂ ਦਾ ਸ਼ੱਕ ਸੜ ਗਿਆ ਸੀ। ਜਿਵੇਂ ਸੋਨਾ ਅਗਨੀ ਵਿਚੋਂ ਗੁਜ਼ਰਦਾ ਹੈ ਤੇ ਉਸਦੀ ਮੈਲ ਸੜ ਜਾਂਦੀ ਹੈ। ਸੋਨਾ ਪਹਿਲੇ ਨਾਲੋਂ ਵੀ ਜ਼ਿਆਦਾ ਚਮਕਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਬ੍ਰਹਮ ਅਗਨੀ ਵਿਚੋਂ ਗੁਜ਼ਰਿਆ ਹੋਇਆ ਰੱਬ ਦਾ ਭਗਤ ਸ਼ੁਧ ਹੋ ਜਾਂਦਾ ਹੈ। ਖਾਲਸ ਤੇ ਖਾਲਸਾ ਹੋ ਜਾਂਦਾ ਹੈ ਇਹ ਅਗਨੀ ਦੀ ਰਹਿਤ ਹੈ।

**ਬ੍ਰਹਮ ਗਿਆਨੀ ਦਾ ਇਹੈ ਗੁਨਾਉ ॥**
**ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥**

ਧਰਤੀ ਦੀ ਰਹਿਤ ਹੈ ਕਿ ਮਨੁੱਖ ਧੀਰਜ ਵਾਲਾ ਹੋਵੇ, ਧਰਤੀ ਦਾ ਕਿੰਨਾ ਧੀਰਜ ਹੈ ਕਿ ਕੋਈ ਖੋਦੀ ਜਾ ਰਿਹਾ ਹੈ, ਕੋਈ ਚੰਦਨ ਦਾ ਲੇਪ ਕਰ ਰਿਹਾ ਹੈ। ਪਰ ਧਰਤੀ ਦੋਹਾਂ ਨੂੰ ਬਰਾਬਰ ਜਾਣਦੀ ਹੈ, ਦੋਹਾਂ ਨੂੰ ਰਿਜ਼ਕ ਦੇ ਰਹੀ ਹੈ, ਦੋਹਾਂ ਦਾ ਭਾਰ ਚੁੱਕਿਆ ਹੈ। ਦੋਹਾਂ ਨੂੰ ਰਹਿਣ ਲਈ ਥਾਂ ਦੇ ਰਹੀ ਹੈ ਐਸਾ ਨਹੀਂ ਕਿ ਧਰਤੀ ਦੀ ਪੂਜਾ ਕਰਨ ਵਾਲਾ ਕਿੱਕਰ ਬੀਜੇ ਤੇ ਅੰਗੂਰ ਪੈਦਾ ਹੋ ਜਾਣ। ਅਜਿਹਾ ਨਹੀਂ ਕਿ ਧਰਤੀ ਨੂੰ ਖੋਦਣ ਵਾਲਾ ਅੰਗੂਰ ਬੀਜੇ ਤੇ ਕਿੱਕਰ ਪੈਦਾ ਹੋ ਜਾਣ। ਧਰਤੀ ਆਪਣਾ ਧੀਰਜ ਨਹੀਂ ਛੱਡਦੀ ਇਸੇ ਤਰ੍ਹਾਂ ਬ੍ਰਹਮ ਗਿਆਨੀ ਰਹਿਤਧਾਰੀ ਗੁਰਮੁੱਖ ਪਾਸ ਧਰਤੀ ਵਾਲਾ ਧੀਰਜ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

ਰਹਿਤਧਾਰੀ ਗੁਰਸਿੱਖ ਪਾਣੀ ਦੀ ਰਹਿਤ ਰੱਖਦਾ ਹੈ। ਪਾਣੀ ਸਾਰੇ ਜਗਤ ਦੀ ਮੈਲ ਧੋਂਦਾ ਹੈ ਪਰ ਆਪ ਮੈਲਾ ਨਹੀਂ ਹੁੰਦਾ। ਬ੍ਰਹਮ ਗਿਆਨੀ ਸਾਰੇ ਜਗਤ ਦੇ ਕਲੰਕ ਧੋਂਦਾ ਹੈ ਪਰ ਉਸ ਨੂੰ ਕਿਸੇ ਕਿਸਮ ਦੀ ਕੋਈ ਮੈਲ ਨਹੀਂ ਕੋਈ ਕਲੰਕ ਨਹੀਂ ਲੱਗਦਾ।

**ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥**
**ਜੈਸੇ ਮੈਲੁ ਨਾ ਲਾਗੈ ਜਲਾ ॥**

(**ਸੁਖਮਨੀ ਸਾਹਿਬ, ਪੰਨਾ** 272)

ਭਾਈ ਗੁਰਦਾਸ ਜੀ ਨੇ ਸਿੱਖੀ ਦੀ ਰਹਿਤ ਲਿਖਦਿਆਂ ਕਿਹਾ ਹੈ ਕਿ ਗੁਰਸਿੱਖੀ ਦੀ ਨਿਸ਼ਾਨੀ ਹੀ ਪਾਣੀ ਦੀ ਰਹਿਤ ਰਹਿਣਾ ਹੈ –

**ਧਰਤੀ ਪੈਰਾਂ ਹੇਠ ਹੈ, ਧਰਤੀ ਹੇਠ ਵਸੰਦਾ ਪਾਣੀ।**
**ਪਾਣੀ ਚਲੈ ਨੀਵਾਣੁ ਨੋ ਨਿਰਮਲੁ ਸੀਤਲ ਸੁਧੁ ਪਰਾਣੀ।**
**ਬਹੁ ਰੰਗੀ ਇਕੁ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ।**
**ਤਤਾ ਹੋਵੈ ਧੁਪ ਵਿਚ ਛਾਵੈ ਠੰਡਾ ਵਿਰਤੀ ਹਾਣੀ।**
**ਤਪਦਾ ਪਰਉਪਕਾਰ ਨੋ ਠੰਡੇ ਪਰਉਪਕਾਰ ਵਿਹਾਣੀ।**
**ਅਗਨਿ ਬੁਝਾਇ ਤਪਤਿ ਵਿਚਿ ਠੰਡਾ ਹੋਵੇ ਬਿਲਮ ਨਾ ਆਣੀ।**
**ਗੁਰਸਿਖੀ ਦੀ ਇਹ ਨੀਸਾਨੀ।** (**ਵਾਰ,** 28**, ਪਉੜੀ** 13)

ਕਬੀਰ ਸਾਹਿਬ ਸੱਚ ਕਹਿੰਦੇ ਹਨ ਜੇ ਮੈਂ ਇਨ੍ਹਾਂ ਤੱਤਾਂ ਦੀ ਰਹਿਤ ਰੱਖ ਸਕਾਂ ਤਾਂ ਮੈਂ ਪ੍ਰਮਾਤਮਾ ਦੇ ਪਾਸ ਰਹਾਂਗਾ। ਸੱਚ ਹੈ ਬੰਦੇ ਦੀ ਨੀਯਤ ਸਿੱਖਣ ਦੀ ਹੋਵੇ ਤਾਂ ਕੁਦਰਤ ਇਸ ਤੇ ਆਪਣੇ ਗਿਆਨ ਦੇ ਭੰਡਾਰ ਖੋਲ੍ਹਣ ਲਈ ਤਿਆਰ ਹੈ। ਵਿਸਮਾਦ ਅਵਸਥਾ ਹੋ ਜਾਂਦੀ ਹੈ ਕੁਦਰਤ ਦੇ ਦਰਸ਼ਨ ਕੀਤਿਆਂ ਪ੍ਰੇਮ ਨਾਲ ਮਨੁੱਖ ਭਰ ਜਾਂਦਾ ਹੈ। ਕੁਦਰਤ ਦੇ ਦੀਦਾਰ ਕਰਕੇ ਉਸ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ। ਕੁਦਰਤ ਦੇ ਦਰਸ਼ਨ ਕਰਕੇ ਜੋ ਕੁਦਰਤ ਵਿਚ ਆਪ ਹੀ ਵਸਿਆ ਹੈ ਸਤਿਗੁਰੂ-ਨਾਨਕ ਦੇਵ ਜੀ ਨੇ ਤਾਂ ਹੀ ਕਿਹਾ ਹੈ-ਕੁਦਰਤ ਵਰਗੀ ਰਹਿਤ ਰੱਖ ਤਾਂ ਕਿ ਤੂੰ ਵੀ ਕੁਦਰਤ ਵਿਚ ਵਸੇ ਕਾਦਰ ਵਿਚ ਅਭੇਦ ਹੋ ਸਕੇ।

**ਬਲਿਹਾਰੀ ਕੁਦਰਤਿ ਵਸਿਆ**
**ਤੇਰਾ ਅੰਤੁ ਨ ਜਾਈ ਲਖਿਆ।**

(**ਆਸਾ ਦੀ ਵਾਰ, ਮ.** 1**, ਪੰਨਾ** 469)

ਕੁਦਰਤ ਰਾਹੀਂ ਕਾਦਰ ਦੇ ਦਰਸ਼ਨਾਂ ਲਈ ਜਿਥੇ ਸਿੱਖ ਨੇ ਬਾਣੀ ਰਾਹੀਂ ਇਹ ਅੰਦਰ ਦੀ ਰਹਿਤ ਰੱਖਣੀ ਹੈ ਨਿੱਤਨੇਮ ਕਰਨਾ ਹੈ ਤਾਂਕਿ ਅੰਦਰੋਂ ਬਾਣੀ ਨਾਲ ਜੁੜਿਆ ਰਹੇ ਉਥੇ ਬਾਹਰੋਂ ਬਾਣੇ ਦੀ ਰਹਿਤ ਪੰਜ ਕਕਾਰਾਂ ਦੀ ਰਹਿਤ ਵੀ ਰੱਖਣੀ ਹੈ। ਬਾਣਾ ਹਰ ਵੇਲੇ ਇਹ ਪ੍ਰੇਰਨਾ ਦੇਂਦਾ ਰਹੇ ਕਿ ਇਹ ਬਾਣੇ ਵਾਲਾ ਅੰਦਰੋਂ ਬਾਣੀ ਨਾਲ ਜੁੜਿਆ ਹੈ ਇਹ ਰੱਬੀ ਰਹਿਤ ਨਾਲ ਜੁੜਿਆ ਹੋਇਆ ਹੈ ਜਿਥੇ ਸਿੱਖੀ ਦੀਆਂ ਨਿਸ਼ਾਨੀਆਂ ਅੰਦਰੋਂ ਗੁਣਾਂ ਦੇ ਰੂਪ ਵਿਚ ਪ੍ਰਗਟ ਹੁੰਦੀਆਂ ਹਨ ਉਥੇ ਬਾਹਰੀ ਪਛਾਣ ਵੀ ਉਨੀ ਹੀ ਜ਼ਰੂਰੀ ਹੈ।

**ਨਿਸ਼ਾਨੇ ਸਿਖੀ ਈਂ ਪਾਂਚ ਹਰਫ਼ ਕਾਫ਼।**
**ਹਰਗਿਜ਼ ਨਾ ਬਾਸ਼ਦ ਈਂ ਪੰਚ ਮੁਆਫ਼।**
**ਕੜਾ ਕਾਰਦੋ ਕਛ ਕੰਘਾ ਬਿਦਾ।**
**ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾ।**

ਪਰ ਐਸੀ ਸੱਚੀ ਰਹਿਤ ਤਾਂ ਹੀ ਪ੍ਰਾਪਤ ਹੋਵੇਗੀ ਜੇ ਬਹੀਐ ਪੜਿਆ ਪਾਸਿ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਫਰਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

**1. ਸ. ਬਲਦੇਵ ਸਿੰਘ ਦੇਵ ਦਾ ਸਨਮਾਨ :-** 08-02-2019 ਨੂੰ ਸ. ਬਲਦੇਵ ਸਿੰਘ ਦੇਵ ਜੋ ਪੰਜਾਬ ਕਾਂਗਰਸ ਪਾਰਟੀ ਦੇ ਜਲੰਧਰ ਸ਼ਹਿਰ ਦੇ ਨਵੇਂ ਪ੍ਰਧਾਨ ਬਣਾਏ ਗਏ ਹਨ। ਜਲੰਧਰ ਸ਼ਹਿਰ ਦੇ ਮੇਅਰ ਸਾਹਿਬ ਨਾਲ ਪ੍ਰਧਾਨ ਬਨਣ ਤੋਂ ਬਾਅਦ ਪਹਿਲੀ ਵਾਰੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ ਚੰਡੀਗੜ੍ਹ ਪਹੁੰਚੇ। ਉਹਨਾਂ ਦੇ ਪਹੁੰਚਣ ਤੇ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਜਨਰਲ ਸਕੱਤਰ ਰਵਿੰਦਰ ਸਿੰਘ ਅਤੇ ਮੈਂਟੇਨੈਂਸ ਸਕੱਤਰ ਨਿਰਮਲ ਸਿੰਘ ਨੇ ਸ. ਬਲਦੇਵ ਸਿੰਘ ਦੇਵ ਪ੍ਰਧਾਨ ਕਾਂਗਰਸ ਪਾਰਟੀ ਸ਼ਹਿਰੀ ਜਲੰਧਰ ਮੇਅਰ ਜਲੰਧਰ ਸ਼ਹਿਰ ਅਤੇ ਹੋਰ ਨਾਲ ਆਏ ਸਾਥੀਆਂ ਦਾ ਸਰੋਪੇ ਪਾ ਕੇ ਸਨਮਾਨ ਕੀਤਾ। ਸ. ਬਲਦੇਵ ਸਿੰਘ ਦੇਵ ਜੀ ਨੇ ਭਵਨ ਵਿਚ ਲੱਗ ਰਹੇ ਸੋਲਰ ਸਿਸਟਮ ਵਾਸਤੇ 21,000/- ਰੁ: ਦੀ ਰਾਸ਼ੀ ਦਾਨ ਵੱਜੋਂ ਦਿੱਤੀ। ਪ੍ਰਧਾਨ ਜਗੀਰ ਸਿੰਘ ਲਾਲੀਆ ਨੇ ਸ. ਬਲਦੇਵ ਸਿੰਘ ਦੇਵ ਅਤੇ ਮੇਅਰ ਸਾਹਿਬ ਦਾ ਭਵਨ ਵਿਚ ਆਉਣ ਤੇ ਧੰਨਵਾਦ ਕੀਤਾ ਅਤੇ ਦਾਨ ਵਜੋਂ 21,000/- ਰੁ: ਦੇਣ ਦਾ ਵੀ ਧੰਨਵਾਦ ਕੀਤਾ।



**2. ਕਾਨਫਰੈਂਸ ਰੂਮ ਦਾ ਉਦਘਾਟਨ :-** ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਨਵੇਂ ਕਾਨਫਰੈਂਸ ਰੂਮ ਦਾ ਉਦਘਾਟਨ ਕੀਤਾ। ਉਦਘਾਟਨ ਦੇ ਸਮੇਂ ਸਾਬਕਾ ਪ੍ਰਧਾਨ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਅਤੇ ਸਾਬਕਾ ਪ੍ਰਧਾਨ ਸ. ਪ੍ਰੀਤਮ ਸਿੰਘ ਨਾਰੰਗਪੁਰ ਸਮੇਤ ਵਰਕਿੰਗ ਕਮੇਟੀ ਦੇ 15 ਹੋਰ ਮੈਂਬਰ ਹਾਜ਼ਰ ਸਨ। ਪ੍ਰਧਾਨ ਜੀ ਨੇ ਰਿਬਨ ਕੱਟ ਕੇ ਉਦਘਾਟਨ ਕੀਤਾ ਅਤੇ ਹਾਜ਼ਰ ਮੈਂਬਰਾਂ ਦਾ ਮੂੰਹ ਮਿੱਠਾ ਕਰਵਾਇਆ। ਕਾਨਫਰੈਂਸ ਰੂਮ ਦੇ ਅੰਦਰ ਦਾਖਲ ਹੋ ਕੇ ਸਭ ਮੈਂਬਰਾਂ ਨੇ ਕਾਨਫਰੈਂਸ ਰੂਮ ਦੀ ਸੁੰਦਰਤਾ ਦੀ ਸ਼ਲਾਘਾ ਕੀਤੀ ਅਤੇ ਵਧਾਈਆਂ ਦਿੱਤੀਆਂ।








3. **ਵਰਕਿੰਗ ਕਮੇਟੀ ਦੀ ਮੀਟਿੰਗ** :- ਵਰਕਿੰਗ ਕਮੇਟੀ ਦੀ ਮੀਟਿੰਗ 09-02-2019 ਨੂੰ ਨਵੇਂ ਬਣੇ ਕਾਨਫਰੈਂਸ ਰੂਮ ਵਿਚ ਹੋਈ। ਮੀਟਿੰਗ ਵਿਚ ਲਗਭਗ 17 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦੀ ਸ਼ੁਰੂਆਤ ਪਹਿਲੀ ਪੌੜੀ ਦਾ ਪਾਠ ਪੜ੍ਹ ਕੇ ਕੀਤੀ ਗਈ। ਪ੍ਰਧਾਨ ਜੀ ਨੇ ਮੀਟਿੰਗ ਵਿਚ ਆਉਣ ਲਈ ਸਭ ਸਤਿਕਾਰਯੋਗ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਨਵੇਂ ਬਣੇ ਕਾਨਫਰੈਂਸ ਰੂਮ ਬਾਰੇ ਕੁਝ ਹੋਰ ਸੁਝਾਓ ਮੰਗੇ। ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਅਤੇ ਸ. ਟਹਿਲ ਸਿੰਘ ਨੇ ਕਾਨਫਰੈਂਸ ਰੂਮ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੀ ਫੋਟੋ ਲਗਾਉਣ ਬਾਰੇ ਅਤੇ ਸੀਟਾਂ ਉੱਤੇ ਸਪੀਕਰ ਲਗਾਉਣ ਦਾ ਸੁਝਾਓ ਦਿੱਤਾ। ਪ੍ਰਧਾਨ ਜੀ ਨੇ ਦੱਸਿਆ ਕਿ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੀ ਫੋਟੋ ਲੱਗਾ ਦਿੱਤੀ ਜਾਵੇਗੀ। ਹਰ ਸੀਟ ਤੇ ਸਪੀਕਰ ਲਗਾਉਣ ਬਾਰੇ ਕਾਫੀ ਚਰਚਾ ਤੋਂ ਬਾਅਦ ਫੈਸਲਾ ਹੋਇਆ ਕਿ ਇੱਕ ਸਪੀਕਰ ਪ੍ਰਧਾਨ ਜੀ ਅੱਗੇ ਲਗਾ ਦਿੱਤਾ ਜਾਵੇਗਾ ਅਤੇ ਬਾਕੀ ਦੋਹਾਂ ਪਾਸਿਆਂ ਤੇ ਕਾਰਡਲੈਸ ਮਾਇਕ ਰੱਖ ਦਿੱਤਾ ਜਾਵੇਗਾ। ਸਭ ਮੈਂਬਰਾਂ ਨੇ ਕਾਨਫਰੈਂਸ ਰੂਮ ਬਣਾਉਣ ਦੀ ਸ਼ਲਾਘਾ ਕੀਤੀ ਅਤੇ ਪ੍ਰਧਾਨ ਜੀ ਨੇ ਸ. ਰਾਜਪਾਲ ਸਿੰਘ ਰਿਜ਼ਨਲ ਪ੍ਰਧਾਨ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਪ੍ਰਧਾਨ ਜੀ ਨੇ ਦੋ ਮਤੇ ਜੋ ਕਾਰਜਕਾਰਨੀ ਕਮੇਟੀ ਵਿਚ ਬਹੁਸੰਮਤੀ ਨਾਲ ਪਾਸ ਕੀਤੇ ਗਏ ਸਨ ਉਨ੍ਹਾਂ ਬਾਰੇ ਵਿਸਥਾਰ ਵਿਚ ਦੱਸਿਆ। ਪ੍ਰਧਾਨ ਜੀ ਨੇ ਸਮਾਜ ਸੁਧਾਰ ਬਾਰੇ ਵੀ ਦੱਸਿਆ ਕਿ ਸਮਾਜ ਸੁਧਾਰ ਦੀ 21 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ ਅਤੇ ਉਸ ਦੀ ਪਹਿਲੀ ਮੀਟਿੰਗ ਮਾਰਚ ਦੇ ਮਹੀਨੇ ਵਿਚ ਬੁਲਾਈ ਗਈ ਹੈ।

4. 14-02-2019 ਨੂੰ ਸ. ਮੋਹਿੰਦਰ ਸਿੰਘ ਡੀ.ਐਸ.ਪੀ ਸੀਨੀ.ਵਾਇਸ ਪ੍ਰਧਾਨ ਜਲੰਧਰ ਦੇ ਸਪੁੱਤਰ ਦਾ ਵਿਆਹ ਜਲੰਧਰ ਹਵੇਲੀ ਵਿਚ ਹੋਇਆ ਸੀ। ਜਿਸ ਵਿਚ ਚੰਡੀਗੜ੍ਹ ਤੋਂ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਮੈਨਟੇਨੈਂਸ ਸਕੱਤਰ ਨਿਰਮਲ ਸਿੰਘ ਅਤੇ ਜਲੰਧਰ ਤੋਂ ਮੀਤ ਪ੍ਰਧਾਨ ਟਹਿਲ ਸਿੰਘ, ਸੰਪਾਦਕ ਪਰਮਿੰਦਰ ਸਿੰਘ, ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਨਾਰੰਗਪੁਰ, ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਅਤੇ ਸ. ਅਜੈਬ ਸਿੰਘ ਨੇ ਵੀ ਭਾਗ ਲਿਆ। ਇਸ ਸ਼ੁਭ ਅਵਸਰ ਵਿਚ ਬੀਬੀ ਜਗੀਰ ਕੌਰ





ਪ੍ਰਧਾਨ ਇਸਤਰੀ ਆਕਾਲੀ ਦਲ ਪੰਜਾਬ ਅਤੇ ਸਾਬਕਾ ਮੰਤਰੀ ਅਤੇ ਉਹਨਾਂ ਦੇ ਸਕੱਤਰ ਸ. ਸਵਰਨ ਸਿੰਘ ਜੋਸ਼ ਨੇ ਵੀ ਭਾਗ ਲਿਆ। ਸ. ਤਾਰਾ ਸਿੰਘ ਸਲ੍ਹਾ ਮੈਂਬਰ ਐਸ.ਜੀ.ਪੀ.ਸੀ. ਅਤੇ ਸ. ਬਲਦੇਵ ਸਿੰਘ ਦੇਵ ਪ੍ਰਧਾਨ ਕਾਂਗਰਸ ਕਮੇਟੀ ਸ਼ਹਿਰੀ ਜਲੰਧਰ ਅਤੇ ਹੋਰ ਬਹੁਤ ਸਾਰੇ ਲੀਡਰਾਂ ਨੇ ਵੀ ਭਾਗ ਲਿਆ।

5. **ਦਸ਼ਮੇਸ਼ ਸੇਵਕ ਸੰਘ ਸਭਾਨਪੁਰ** :- ਸ. ਰਘਬੀਰ ਸਿੰਘ ਸਭਾਨਪੁਰ ਯੂ.ਐਸ.ਏ. ਅਤੇ ਪਰਿਵਾਰ ਨੇ ਆਪਣੀ ਮਾਤਾ ਜੀ ਦੀ ਯਾਦ ਵਿਚ 22-02-019 ਨੂੰ ਮੁਫਤ ਅੱਖਾਂ ਦਾ ਕੈਂਪ ਲਗਵਾਇਆ ਅਤੇ 23-02-2019 ਨੂੰ ਕੀਰਤਨ ਦਰਬਾਰ ਕਰਵਾਇਆ। ਇਸ ਕੀਰਤਨ ਦਰਬਾਰ ਵਿਚ ਚੰਡੀਗੜ੍ਹ ਤੋਂ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ ਅਤੇ ਮੈਨਟੇਨੈਂਸ ਸਕੱਤਰ ਨਿਰਮਲ ਸਿੰਘ ਨੇ ਭਾਗ ਲਿਆ। ਇਸ ਮੌਕੇ ਤੇ ਸ. ਰਘਬੀਰ ਸਿੰਘ ਸਭਾਨਪੁਰ ਯੂ.ਐਸ.ਏ. ਨੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵਿਚ ਲੱਗ ਰਹੇ ਸੋਲਰ ਸਿਸਟਮ ਵਾਸਤੇ ਇੱਕ ਲੱਖ ਰੁਪਏ ਦਾਨ ਦੇਣ ਦਾ ਵਾਇਦਾ ਕੀਤਾ। ਫਾਉਂਡੇਸ਼ਨ ਦੀ ਮੈਨੇਜਮੈਂਟ ਸ. ਰਘਬੀਰ ਸਿੰਘ ਯੂ.ਐਸ.ਏ. ਜੀ ਦੀ ਧੰਨਵਾਦੀ ਹੋਵੇਗੀ।




6. **ਰੋਜ਼ ਫੈਸਟੀਵਲ ਬਾਰੇ** :- 47ਵਾਂ ਚੰਡੀਗੜ੍ਹ ਰੋਜ਼ ਫੈਸਟੀਵਲ ਮਿਤੀ 22 ਫਰਵਰੀ 2019 ਤੋਂ 24 ਫਰਵਰੀ 2019 ਤੱਕ ਮਨਾਇਆ ਗਿਆ। ਜਿਸ ਵਿਚ ਵੱਖ-ਵੱਖ ਭਵਨਾਂ ਦੇ ਬਗੀਚਿਆਂ ਦੀ ਇੰਸਪੈਕਸ਼ਨ ਕੀਤੀ ਜਾਂਦੀ ਹੈ ਅਤੇ ਸਭ ਤੋਂ ਵਧੀਆ ਭਵਨ ਦਾ ਇਨਾਮ ਵੀ ਦਿੱਤਾ ਜਾਂਦਾ ਹੈ। ਬਾਬਾ



ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਦੀ ਇੰਸਪੈਕਸ਼ਨ 20-02-2019 ਨੂੰ ਯੂ.ਟੀ. ਸਰਕਾਰ ਵੱਲੋਂ ਭੇਜੀ ਗਈ ਕਮੇਟੀ ਨੇ ਕੀਤੀ। ਇੰਸਪੈਕਸ਼ਨ ਦੇ ਸਮੇਂ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਜਨਰਲ ਸਕੱਤਰ ਰਵਿੰਦਰ ਸਿੰਘ, ਵਿੱਤ ਸਕੱਤਰ ਹਰਦਿਆਲ ਸਿੰਘ ਘੋਤੜਾ ਅਤੇ ਮੈਨਟੇਨੈਂਸ ਸਕੱਤਰ ਨਿਰਮਲ ਸਿੰਘ ਹਾਜਰ ਸਨ। ਇੰਸਪੈਕਸ਼ਨ ਪਾਰਟੀ ਨੇ ਭਵਨ ਦੇ ਬਗੀਚੇ ਦਾ ਮੁਆਇਨਾ ਕੀਤਾ ਅਤੇ ਪ੍ਰਧਾਨ ਜੀ ਦੇ ਦਫ਼ਤਰ ਵਿਚ ਬੈਠਕੇ ਭਵਨ ਦੇ ਬਗੀਚੇ ਦੀ ਸਲਾਹਣਾ ਕੀਤੀ। ਇਸ ਵਾਰ ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ "ਬੈਸਟ ਭਵਨ ਰਲੀਜੀਅਸ ਪਲੇਸ ਨੋਨ ਗੋਵਰਨਮੈਂਟ ਪ੍ਰੀਮਿਸਿਸ" ਦਾ ਖਿਤਾਬ ਮਿਲਿਆ। ਇਹ ਅਵਾਰਡ ਲੈਣ ਲਈ ਪ੍ਰਧਾਨ ਜੀ ਸਮੇਤ ਮੀਤ ਪ੍ਰਧਾਨ, ਜਨਰਲ ਸਕੱਤਰ, ਵਿੱਤ ਸਕੱਤਰ, ਮੈਨਟੇਨੈਂਸ ਸਕੱਤਰ ਰੋਜ਼ ਗਾਰਡਨ ਵਿਖੇ 24-02-2019 ਨੂੰ ਪਹੁੰਚੇ ਅਤੇ ਅਵਾਰਡ ਲੈ ਕਿ ਮਾਨ ਪ੍ਰਾਪਤ ਕੀਤਾ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੀ ਮੈਨੇਜਮੈਂਟ ਅਤੇ ਸਮੂਹ ਮੈਂਬਰਾਂ ਨੂੰ ਬਹੁਤ-ਬਹੁਤ ਵਧਾਈਆਂ।



**7. ਸੋਲਰ ਸਿਸਟਮ ਲਗਵਾਉਣ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਸੋਲਰ ਸਿਸਟਮ ਲਗਵਾਉਣ ਬਾਰੇ ਮਤਾ ਪਿਛਲੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਪਾਸ ਕਰ ਦਿੱਤਾ ਗਿਆ ਸੀ। ਮੈਨੇਜਮੈਂਟ ਨੇ ਭਵਨ ਵਿਚ 50 ਕਿਲੋਵਾਟ ਦਾ ਸੋਲਰ ਸਿਸਟਮ ਲਗਾਉਣ ਦਾ ਫੈਸਲਾ ਕੀਤਾ ਹੈ। ਜਿਸ ਵਾਸਤੇ ਚਾਰ ਕੰਪਨੀਆਂ ਵੱਲੋਂ ਵੱਖ-ਵੱਖ ਰੇਟਾਂ ਦੀਆਂ ਕੁਟੇਸ਼ਨਾਂ ਮਿਲੀਆਂ ਸਨ। ਸਭ ਕੁਟੇਸ਼ਨਾਂ ਨੂੰ ਸਹੀ ਤਰੀਕੇ ਨਾਲ ਘੋਖਣ ਤੋਂ ਬਾਅਦ ਮਹੀਰਾ ਜੈਕਸਨ ਕੰਪਨੀ ਦੀ ਕੁਟੇਸ਼ਨ ਪਾਸ ਕਰ ਦਿੱਤੀ ਗਈ ਹੈ। ਇਹ ਸਾਰਾ ਕਾਨਟਰੈਕਟ 20,50,000/- ਰੁ: ਵਿਚ ਹੋਇਆ ਹੈ। ਪਹਿਲੀਆਂ ਦੋ ਕਿਸ਼ਤਾਂ (6,15,000/-+ 6,15,000/-)=12,30,000/- ਰੁ: ਦੀਆਂ ਕੰਪਨੀ ਨੂੰ ਦੇ ਦਿੱਤੀਆਂ ਗਈਆਂ ਹਨ ਅਤੇ ਬਾਕੀ ਦੋ ਕਿਸ਼ਤਾਂ ਰਹਿ ਗਈਆਂ ਹਨ। ਕੰਪਨੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਦੋ ਮਹੀਨਿਆਂ ਵਿਚ ਕੰਮ ਪੂਰਾ ਹੋ ਜਾਣ ਦੀ ਆਸ ਹੈ। ਸਮੂਹ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਫਿਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੰਮ ਵਿਚ ਵੱਧ ਤੋਂ ਵੱਧ ਹਿੱਸਾ ਪਾਉਣ ਦੀ ਕ੍ਰਿਪਾਲਤਾ ਕਰੋ ਜੀ। ਅਜੇ ਤੱਕ ਸਾਡੇ ਕੋਲ 7 ਲੱਖ ਰੁਪਏ ਦੇ ਕਰੀਬ ਰਾਸ਼ੀ ਜਮ੍ਹਾਂ ਹੋ ਚੁੱਕੀ ਹੈ। ਕੰਪਨੀ ਨੂੰ ਹੁਣ ਤੱਕ 12,30,000/- ਰੁ: ਦੀ ਪੇਅਮੈਂਟ ਕਰ ਦਿੱਤੀ ਗਈ ਹੈ।

**ਮੈਡੀਕਲ ਵਿੰਗ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਫਰਵਰੀ ਮਹੀਨੇ ਦੇ ਇਲਾਜ ਦਾ ਵੇਰਵਾ ਦਾ ਵੇਰਵਾ ਇਸ ਤਰ੍ਹਾਂ ਹੈ:-

**ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ:-**

| | | |
|---|---|---|
| 1. ਮੈਡੀਕਲ ਓ.ਪੀ.ਡੀ | - | 117 |
| 2. ਮੈਡੀਕਲ ਲੈਬ | - | 30 |
| 3. ਡੈਂਟਲ ਕਲੀਨਿਕ | - | 34 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਸਤਿਕਾਰ ਸਹਿਤ ਗੁਰ ਸਾਗਰ ਦੇ ਸੁੱਚੇ ਮੋਤੀ 'ਚੋਂ

**ਗਿਆਨੀ ਚੇਤ ਸਿੰਘ**

## ਬਜ਼ੁਰਗਵਾਲ

ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਖਾਰੀਆਂ ਵਿੱਚ ਲੁਬਾਣਾ ਬ੍ਰਾਦਰੀ ਦਾ ਇੱਕ ਮਸ਼ਹੂਰ ਪਿੰਡ ਬਜ਼ੁਰਗਵਾਲ ਹੈ, ਜਿਸ ਨੂੰ ਆਮ ਤੌਰ 'ਤੇ ਬੁਸ਼ਕਰਵਾਲ ਕਹਿੰਦੇ ਹਨ ਜੋ ਹੁਣ ਪਾਕਿਸਤਾਨ ਵਿੱਚ ਹੈ। ਇਸ ਪਿੰਡ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਸ਼ਮੀਰ ਤੋਂ ਵਾਪਸ ਆਉਂਦਿਆਂ ਚਰਨ ਪਾਏ ਸਨ। ਇਥੇ ਸਤਿਗੁਰਾਂ ਦੀ ਯਾਦ ਵਿੱਚ ਗੁਰਦੁਆਰਾ ਹੈ, ਜਿਸ ਗੁਰਦੁਆਰੇ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਨੇ 300 ਰੁਪਏ ਜਾਗੀਰ ਲਾਈ ਹੋਈ ਸੀ। ਇਥੇ ਇੱਕ ਧੁਰੋਂ ਬਖਸ਼ੀ ਆਤਮਾ ਭਾਈ ਧਰਮ ਦਾਸ ਜੀ ਰਹਿੰਦੇ ਸਨ। ਸਤਿਗੁਰੂ ਜੀ ਦੇ ਬੜੇ ਸ਼ਰਧਾਲੂ ਸਨ। ਬੜੇ ਸਮੇਂ ਤੋਂ ਸਤਿਗੁਰੂ ਜੀ ਦੇ ਚਰਨ ਪਰਸਣ ਦੀ ਲਾਲਸਾ ਆਪਣੇ ਮਨ ਵਿੱਚ ਧਾਰੀ ਬੈਠੇ ਸਨ। ਦਰਸ਼ਨ ਕਰਨ ਦੀ ਡਾਢੀ ਉਡੀਕ ਲੱਗੀ ਹੋਈ ਸੀ। ਇਸ ਦੀ ਮਨੋ-ਕਾਮਨਾ ਪੂਰੀ ਕਰਨ ਲਈ ਸਤਿਗੁਰੂ ਜੀ ਇਥੇ ਪੁਜੇ। ਭਾਈ ਧਰਮ ਦਾਸ ਜੀ ਨੂੰ ਸਤਿਗੁਰੂ ਜੀ ਦੇ ਆਉਣ ਦੀ ਖਬਰ ਲੱਗੀ, ਸਤਿਗੁਰੂ ਜੀ ਦਾ ਡੇਰਾ ਇਸ ਨਗਰ ਦੇ ਬਾਹਰ ਪਹਾੜ ਵਾਲੇ ਪਾਸੇ ਸੀ। ਭਾਈ ਧਰਮ ਦਾਸ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਸੀਸ ਰਖਿਆ। ਪ੍ਰੇਮ ਦੇ ਹੰਝੂਆਂ ਨਾਲ ਸਤਿਗੁਰਾਂ ਦੇ ਚਰਨ ਧੋ ਦਿੱਤੇ ਤੇ ਚਰਨ ਪਰਸ ਕੇ ਦਰਸ਼ਨ ਕਰਕੇ ਗਦ-ਗਦ ਹੋ ਗਿਆ। ਸਤਿਗੁਰੂ ਜੀ ਨੇ ਬਾਂਹੋ ਫੜ ਕੇ ਬਿਠਾ ਦਿੱਤਾ। ਸਿਰ 'ਤੇ ਹੱਥ ਧਰਿਆ, ਭਾਈ ਧਰਮ ਦਾਸ ਦੇ ਕਪਾਟ ਖੁਲ੍ਹ ਗਏ, ਸਤਿਗੁਰੂ ਜੀ ਦੀ ਲੰਗਰ ਆਦਿ ਨਾਲ ਮਹਾਨ ਸੇਵਾ ਕੀਤੀ। ਇਸ ਦੀ ਸ਼ਰਧਾ ਤੇ ਸੇਵਾ ਅਤੇ ਕਈ ਚਿਰ ਤੋਂ ਦਰਸ਼ਨ ਦੀ ਖਿਚ ਨੂੰ ਵੇਖ ਕੇ ਸਤਿਗੁਰੂ ਜੀ ਬੜੇ ਪ੍ਰਸੰਨ ਹੋ ਤੇ ਕਹਿਣ ਲੱਗੇ ਕਿ ਭਾਈ ਧਰਮ ਦਾਸ, ਅਸੀਂ ਤੇਰੀ ਸ਼ਰਧਾ ਤੇ ਸੇਵਾ ਤੇ ਬੜੇ ਪ੍ਰਸੰਨ ਹੋਏ ਹਾਂ, ਮੰਗ ਜੋ ਕੁਝ ਚਾਹੀਦਾ ਹੈ। ਹੱਥ ਜੋੜ ਗਲ ਵਿੱਚ ਪੱਲਾ ਪਾ ਕੇ ਕਹਿੰਦਾ ਹੈ - ਸਤਿਗੁਰੂ ਜੀ, ਸਭ ਕੁੱਝ ਆਪ ਜੀ ਦੀ ਬਖਸ਼ਿਸ਼ ਹੈ। ਸਤਿਗੁਰੂ ਜੀ ਫਿਰ ਕਹਿਣ ਲੱਗੇ - ਧਰਮ ਦਾਸ ਮੰਗ ਜੋ ਕੁੱਝ ਚਾਹੀਦਾ ਹੈ। ਧਰਮ ਦਾਸ ਕਹਿੰਦਾ ਹੈ - ਸਤਿਗੁਰੂ ਜੀ ਜੇਕਰ ਗਰੀਬ ਸੇਵਕ ਦੀ ਤੁਛ ਸੇਵਾ ਤੇ ਪ੍ਰਸੰਨ ਹੋਏ ਹੋ ਤਾਂ ਸਿੱਖੀ ਦੀ ਦਾਤ ਬਖਸ਼ੋ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਹਿਣ ਲੱਗੇ-ਧਰਮ ਦਾਸ ਤੈਨੂੰ ਤਾਂ ਸਿੱਖੀ ਬਖਸ਼ੀ, ਅੱਗੇ ਤੋਂ ਤੇਰੀ ਸੰਤਾਨ ਵੀ ਸਿੱਖ ਸੰਗਤਾਂ ਤੋਂ ਪੂਜਣਯੋਗ ਹੋਵੇਗੀ। ਧਰਮ ਦਾਸ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖੀ ਦੀ ਦਾਤ ਬਖਸ਼ੀ। ਭਾਈ ਧਰਮ ਦਾਸ ਦੀ ਸੰਤਾਨ ਸਤਿਗੁਰੂ ਜੀ ਦੇ ਬਚਨਾਂ ਅਨੁਸਾਰ ਸਿੱਖ ਸੰਗਤਾਂ ਵਿੱਚ ਪੂਜਣਯੋਗ ਹੋਈ, ਜਿਨ੍ਹਾਂ ਨੂੰ ਅਸੀਂ ਰਮਦਾਸ ਜਾਂ ਬਾਵਾ ਕਰਕੇ ਸਤਿਕਾਰਦੇ ਹਾਂ। ਸਮੇਂ ਦੇ ਪ੍ਰਭਾਵ ਹੇਠ ਸਭ ਕੁੱਝ ਬਦਲ ਗਿਆ। ਭਾਈ ਧਰਮ ਦਾਸ ਦਾ ਸਬੰਧ ਲੁਬਾਣਾ ਬਰਾਦਰੀ ਦੀ ਅਜਰਾਉਤ ਗੋਤ ਨਾਲ ਹੈ। ਖੋੜੀ ਵਾਲੇ ਰਾਮਦਾਸ ਭਾਈ ਧਰਮ ਦਾਸ ਜੀ ਦੇ ਖਾਨਦਾਨ ਵਿੱਚੋਂ ਹੀ ਹਨ।

**ਨੋਟ** - ਕਈ ਲੇਖਕਾਂ ਨੇ ਲਿਖਿਆ ਹੈ ਕਿ ਭਾਈ ਧਰਮ ਦਾਸ ਜੀ ਨੇ ਸਿੱਖੀ ਦੀ ਦਾਤ ਹੀ ਮੰਗੀ ਅਤੇ ਉਨ੍ਹਾਂ ਦੀ ਪਤਨੀ ਨੇ ਪੁੱਤਰ ਦੀ ਮੰਗ ਕੀਤੀ, ਜੋ ਸਤਿਗੁਰਾਂ ਨੇ ਉਸ ਨੂੰ ਪੁੱਤਰ ਦੀ ਦਾਤ ਦਾ ਵਰ ਦਿੱਤਾ ਅਤੇ ਜਿਸ ਤੋਂ ਅੱਗੇ ਇਨ੍ਹਾਂ ਦੇ ਖਾਨਦਾਨ ਦਾ ਵਾਧਾ ਹੋਇਆ।

**ਖੋੜੀ ਦੁਨਾ ਸਿੰਘ** (**ਪਾਕਿਸਤਾਨ**) - ਗੁਜਰਾਤ ਤੋਂ 22 ਕਿਲੋਮੀਟਰ ਦੀ ਦੂਰੀ ਤੇ ਪਹਾੜ ਵਾਲੇ ਪਾਸੇ ਇੱਕ ਬਰਸਾਤੀ ਨਾਲੇ ਦੇ ਕੰਢੇ ਛੋਟਾ ਜਿਹਾ ਨਗਰ ਖੋੜੀ ਦੁਨਾ ਸਿੰਘ ਨਾਮ ਕਰਕੇ ਅਬਾਦ ਹੈ। ਇਹ ਨਗਰ ਸ. ਦੁਨਾ ਸਿੰਘ ਜਰਨੈਲ, ਜੋ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਦੇ ਇੱਕ ਬੜੇ ਬਹਾਦਰ ਸੂਰਮੇ ਸਨ, ਉਨ੍ਹਾਂ ਨੇ ਵਸਾਇਆ ਸੀ। ਸ. ਦੁਨਾ ਸਿੰਘ ਨੇ ਕਿ ਨਗਰ ਜ਼ਿਲ੍ਹਾ ਗੁੱਜਰਾਂਵਾਲਾ ਵਿਖੇ ਨੰਗਲ ਦੁਨਾ ਸਿੰਘ ਨਾਮ ਕਰਕੇ ਵੀ ਵਸਾਇਆ ਸੀ। ਇਹ ਪਿੰਡ ਸਾਰਾ ਲੁਬਾਣਾ ਬਰਾਦਰੀ ਦਾ ਸੀ, ਜੋ ਪਾਕਿਸਤਾਨ ਵਿੱਚ ਹੈ। ਇਸ ਦੇ ਵਸਨੀਕ ਹੁਣ ਇਧਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਗਿਲਜੀਆਂ ਆਦਿ ਪਿੰਡਾਂ ਵਿੱਚ ਆ ਵੱਸੇ ਹਨ। ਦਸਦੇ ਹਨ ਕਿ ਅੰਮ੍ਰਿਤਸਰ ਮਲਵਈ ਬੁੰਗਾ ਭੀ ਦੁਨਾ ਸਿੰਘ ਜਰਨੈਲ ਦੀ ਹਵੇਲੀ ਸੀ। ਖੋੜੀ ਦੁਨਾ ਸਿੰਘ ਦੇ ਨੇੜੇ ਲੁਬਾਣਾ ਬਰਾਦਰੀ ਦੀ ਬਜ਼ੁਰਗਵਾਲ ਭਖੜੇ ਆਲੀ, ਕੁਆਂਖ, ਪੇਰੋਸ਼ਾਹ, ਮੈਹਸਮ, ਨਾਮ ਕਕੇ ਪਿੰਡਾਂ ਵਿੱਚ ਵੀ ਕਾਫੀ ਵੱਸੋਂ ਸੀ। ਭਾਵੇਂ ਜ਼ਿਲ੍ਹਾ ਗੁਜਰਾਤ ਵਿੱਚ ਬਹੁਤ ਵਸੋਂ ਮੁਸਲਮਾਨਾਂ ਦੀ ਸੀ, ਪਰ ਆਪਸ ਵਿੱਚ ਲੋਕ ਬੜੇ ਪਿਆਰ ਨਾਲ ਰਹਿੰਦੇ ਸਨ। ਇਕ ਦੂਸਰੇ ਫਿਰਕੇ ਦੀ ਸ਼ਾਦੀ ਗਮੀ ਵਿੱਚ ਲੋਕ ਸ਼ਾਮਿਲ ਹੁੰਦੇ ਸਨ। ਇਨ੍ਹਾਂ ਸਾਰੇ ਪਿੰਡਾਂ ਦੇ ਵਸਨੀਕ ਪਾਕਿਸਤਾਨ ਦੇ ਬਣਨ ਨਾਲ ਬਹੁਤੇ ਜ਼ਿਲ੍ਹਾ ਕਪੂਰਥਲਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਆ ਵਸੇ ਹਨ। ਕੁੱਝ ਅੰਬਾਲੇ ਤੇ ਜ਼ਿਲ੍ਹਾ ਕਰਨਾਲ ਵਿੱਚ ਆ ਕੇ ਅਬਾਦ ਹੋ ਗਏ ਹਨ।

**ਬਾਬਾ ਅਰੂੜ ਸਿੰਘ ਜੀ** - ਬਾਬਾ ਧਰਮ ਦਾਸ ਜੀ ਦੇ ਖਾਨਦਾਨ ਵਿੱਚੋਂ ਚੰਗੇ ਮਹਾਂਪੁਰਸ਼ ਬਾਬਾ ਫਤਹਿ ਸਿੰਘ ਜੀ ਦੇ ਸਪੁੱਤਰ ਬਾਬਾ ਅਰੂੜ ਸਿੰਘ ਜੀ ਹੋਏ ਹਨ। ਉਨ੍ਹਾਂ ਦਾ ਜੀਵਨ ਬਹੁਤ ਉੱਚਾ ਸੀ। ਉਹ ਨਾਮ ਬਾਣੀ ਨਾਲ ਰੱਤੇ ਰਹਿੰਦੇ ਸਨ। ਉਨ੍ਹਾਂ ਦੀ ਚੜ੍ਹਤ ਰਾਜਿਆਂ ਮਹਾਰਾਜਿਆਂ ਵਾਂਗ ਸੀ। ਉਹ ਬਹੁਤ ਚੰਗੇ ਘੋੜ ਸੁਆਰ ਸਨ। ਉਨ੍ਹਾਂ ਨੂੰ ਚੰਗੀਆਂ ਘੋੜੀਆਂ ਰੱਖਣ ਦਾ ਬਹੁਤ ਸ਼ੌਂਕ ਸੀ। ਉਨ੍ਹਾਂ ਦਾ ਰਮਦਾਸ ਹੋਣ ਦੇ ਨਾਤੇ ਤੇ ਚੰਗੇ ਮਹਾਂਪੁਰਖ ਹੋਣ ਕਾਰਨ ਸਿੱਖ ਸੰਗਤਾਂ ਵਿੱਚ ਬੜਾ ਸਤਿਕਾਰ ਸੀ। ਉਨ੍ਹਾਂ ਦੇ ਬਜ਼ੁਰਗ ਕਿਸੇ ਕਾਰਨ ਬਜ਼ੁਰਗਵਾਲ ਨਗਰ ਤੋਂ ਖੋੜੀ ਦੁਨਾ ਸਿੰਘ ਆ ਗਏ ਅਤੇ ਇਥੇ ਹੀ ਉਨ੍ਹਾਂ ਆਪਣੀ ਪੱਕੀ ਰਿਹਾਇਸ਼ ਕਰ ਲਈ। ਇਨ੍ਹਾਂ ਦੇ ਕੁੱਝ ਘਰ ਬਜ਼ੁਰਗਵਾਲ ਰਹੇ। ਜਿਨ੍ਹਾਂ ਵਿੱਚੋਂ ਇੱਕ ਬਾਬਾ ਲੈਹਣਾ ਸਿੰਘ ਜੀ ਵੀ ਸਨ। ਬਾਬਾ ਅਰੂੜ ਸਿੰਘ ਜੀ ਦੇ ਸਪੁੱਤਰ ਬਾਬਾ ਵਸਾਵਾ ਸਿੰਘ ਜੀ, ਸੋਹਣ ਸਿੰਘ ਜੀ ਅਤੇ ਆਤਮਾ ਸਿੰਘ ਜੀ ਹੋਏ ਹਨ।

**ਬਾਬਾ ਵਸਾਵਾ ਸਿੰਘ ਜੀ ਦੀ ਸ਼ਾਦੀ** - ਬਾਬਾ ਵਸਾਵਾ ਸਿੰਘ ਜੀ ਲੁਬਾਣਾ ਬਰਾਦਰੀ ਵਿੱਚ ਇੱਕ ਸਤਿਕਾਰਯੋਗ ਵਿਅਕਤੀ ਸਨ। ਬਾਬਾ ਅਰੂੜ ਸਿੰਘ ਜੀ ਦੇ ਸਪੁੱਤਰ ਹੋਣ ਦੇ ਨਾਤੇ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਉਨ੍ਹਾਂ ਦੀ ਸ਼ਾਦੀ ਪਿੰਡ ਗਹੋਤ ਪੋਹਕਰ, ਜ਼ਿਲ੍ਹਾ ਗੁਰਦਾਸਪੁਰ, ਸ. ਭੋਲਾ ਸਿੰਘ ਜੀ ਦੀ ਸਪੁੱਤਰੀ ਬੀਬੀ ਨਿਹਾਲ ਕੌਰ ਨਾਲ ਬੜੀ ਧੂਮ-ਧਾਮ ਨਾਲ ਹੋਈ। ਬਰਾਤ ਦੀ ਸੇਵਾ ਉਸ ਸਮੇਂ ਅਨੁਸਾਰ ਬਹੁਤ ਸ਼ਾਨਦਾਰ ਕੀਤੀ ਗਈ ਅਤੇ ਬਰਾਤ ਕਈ ਦਿਨ ਗਹੋਤ ਪੋਹਕਰ ਵਿੱਚ ਰਹੀ। ਕੁਝ ਦਿਨਾਂ ਪਿੱਛੋਂ ਡੋਲਾ ਖੋੜੀ ਦੁਨਾ ਸਿੰਘ ਆਇਆ ਅਤੇ ਪਰਿਵਾਰ ਨੇ ਬੜੀਆਂ ਖੁਸ਼ੀਆਂ ਮਨਾਈਆਂ।

**ਚਲਦਾ**.....

# ਭਾਰਤ ਵਿੱਚ ਸੌਰ ਊਰਜਾ ਕ੍ਰਾਂਤੀ ਦਾ ਆਧੁਨਿਕੀਕਰਨ

ਸੌਰ ਊਰਜਾ ਕੁਦਰਤ ਦਾ ਇੱਕ ਅਮੁੱਲ ਤੋਹਫਾ ਹੈ, ਜੋਕਿ ਧਰਤੀ ਤੇ ਹਰੇਕ ਕਿਸਮ ਦੇ ਜੀਵਨ ਲਈ ਬਹੁਤ ਹੀ ਮਹੱਤਵਪੂਰਨ ਹੈ। ਸਾਡੇ ਸੂਰਜ ਦੀ ਆਯੂ ਬਹੁਤ ਲੰਮੀ ਹੈ, ਇਹ ਲੱਖਾਂ ਸਾਲਾਂ ਤੋਂ ਸਾਨੂੰ ਪ੍ਰਕਾਸ਼ ਅਤੇ ਤਾਪ ਊਰਜਾ ਦਿੰਦਾ ਆ ਰਿਹਾ ਹੈ ਅਤੇ ਆਉਣ ਵਾਲੇ ਕਰੋੜਾਂ ਸਾਲਾਂ ਤੱਕ ਸਾਡੀ ਧਰਤੀ ਨੂੰ ਰੁਸ਼ਨਾਉਂਦਾ ਰਹੇਗਾ। ਸੂਰਜ ਦਾ ਪ੍ਰਕਾਸ਼ ਸੱਤ ਰੰਗਾਂ ਦੇ ਸੁਮੇਲ ਤੋਂ ਬਣਿਆ ਹੋਇਆ ਹੈ। ਹਰ ਇੱਕ ਰੰਗ ਦੀ ਆਪਣੀ ਤੀਬਰਤਾ ਅਤੇ ਗੁਣ/ਵਿਸ਼ੇਸ਼ਤਾ ਹੈ। ਸੌਰ ਊਰਜਾ (ਨਵਿਆਉਣ ਯੋਗ ਊਰਜਾ ਦਾ ਕੁਦਰਤੀ ਸ੍ਰੋਤ) ਇੱਕ ਸਾਫ-ਸੁਥਰੀ, ਲਾਭਦਾਇਕ, ਸਸਤੀ ਅਤੇ ਜਲਦੀ ਉਪਲਬਧ ਹੋਣ ਵਾਲੀ ਪ੍ਰਕਾਸ਼ੀ ਊਰਜਾ ਹੈ। ਸਾਡੇ ਦੇਸ਼ ਵਿੱਚ ਸੌਰ ਊਰਜਾ ਤਕਨਾਲਜੀ ਇੱਕ ਨਵੀਨਤਮ ਅਤੇ ਵਿਕਾਸ ਦੇ ਅਗਾਂਹਵਧੂ ਪੜਾਅ ਤੱਕ ਪੁੱਜ ਚੁੱਕੀ ਹੈ।2014 ਤੋਂ ਲੈ ਕੇ ਜਨਵਰੀ 2018 ਤੱਕ ਭਾਰਤ ਵਿੱਚ ਸੌਰ ਊਰਜਾ ਦਾ ਉਤਪਾਦਨ 2650 ਮੈਗਾਵਾਟ ਤੱਕ ਵੱਧ ਕੇ 20 ਗੀਗਾਵਾਟ ਤੱਕ ਪੁੱਜ ਚੁੱਕਾ ਹੈ। ਦਸੰਬਰ 2017 ਤੱਕ ਦੇਸ਼ ਦੀ ਕੁੱਲ ਸੌਰ ਊਰਜਾ ਉਤਪਾਦਨ ਸਮਰੱਥਾ 17 ਗੀਗਾਵਾਟ ਸੀ। ਸੰਨ 2015 ਤੋਂ2017 ਤੱਕ ਭਾਰਤ ਨੇ ਸੌਰ ਊਰਜਾ ਦੇ ਉਤਪਾਦਨ ਦੀ ਸਮਰੱਥਾ 4 ਗੀਗਾਵਾਟ (ਔਸਤਨ) ਪ੍ਰਤੀ ਸਾਲਾਨਾ ਦਰ ਨਾਲ ਵਧਾਈ ਹੈ। ਇਸ ਕਰਕੇ ਲੋਕਾਂ ਨੂੰ ਮਿਲਣ ਵਾਲੀ ਬਿਜਲੀ ਦਾ ਖਰਚਾ 18% ਤੱਕ ਘਟਿਆ ਹੈ, ਜੋਕਿ ਕੋਲੇ ਤੋਂ ਪੈਦਾ ਹੋਣ ਵਾਲੀ ਬਿਜਲੀ ਤੋਂ ਕਿਤੇ ਘੱਟ ਹੈ। ਵਿਸ਼ਵ ਪੱਧਰ ਤੇ ਸੌਰ ਊਰਜਾ ਦਾ ਉਤਪਾਦਨ ਇਸ ਸਮੇਂ 303 ਗੀਗਾਵਾਟ ਤੱਕ ਪੁੱਜ ਚੁੱਕਾ ਹੈ।

ਸੰਨ 2022 ਤੱਕ ਭਾਰਤ ਨੇ ਸੌਰ ਊਰਜਾ ਦਾ ਉਤਪਾਦਨ 100 ਗੀਗਾਵਾਟ ਕਰਨ ਦਾ ਟੀਚਾ ਮਿੱਥਿਆ ਹੈ। 60 ਗੀਗਾਵਾਟ ਬਿਜਲੀ ਸ਼ਕਤੀ ਸੌਰ ਊਰਜਾ ਪਲਾਂਟਾਂ ਤੱਕ ਅਤੇ 40 ਗੀਗਾਵਾਟ ਸ਼ਕਤੀ ਘਰਾਂ ਦੀਆਂ ਛੱਤਾਂ ਤੇ ਲਗਾਏ ਜਾ ਰਹੇ ਸੌਰ ਪੈਨਲਾਂ ਤੱਕ ਪ੍ਰਾਪਤ ਹੋ ਸਕੇਗੀ। ਵੱਡੇ ਅਤੇ ਕੁਸ਼ਲ ਸੂਰਜੀ ਊਰਜਾ ਪ੍ਰੋਜੈਕਟ ਲਗਾਉਣ ਲਈ ਨਵੀਆਂ ਤਕਨੀਕੀ ਕਿਸਮਾਂ ਦੇ ਸੌਰ ਸੈੱਲ ਤਿਆਰ ਹੋਰਹੇ ਹਨ। ਜਨਵਰੀ 2016 ਵਿੱਚ ਭਾਰਤ ਸਰਕਾਰ ਨੇ ਫਰਾਂਸ ਦੀ ਸਹਾਇਤਾ ਨਾਲ ਗੁੜਗਾਉਂ ਵਿੱਚ ਅੰਤਰਾਸ਼ਟਰੀ ਸੌਰ ਊਰਜਾ ਗੱਠਜੋੜ ਕੇਂਦਰ ਦੀ ਸਥਾਪਨਾ ਲਈ ਸੰਧੀ ਕੀਤੀ ਅਤੇ ਨੀਂਹ-ਪੱਥਰ ਰੱਖਿਆ ਹੈ। ਇਹ ਸੌਰ ਸੰਗਠਨ ਦੇਸ਼ ਦੀਆਂ ਪ੍ਰਮੁੱਖ ਸੌਰ ਊਰਜਾ ਜ਼ਰੂਰਤਾਂ ਦੀ ਪੂਰਤੀ ਤੇ ਧਿਆਨ ਕੇਂਦਰਤ ਕਰੇਗਾ। 120 ਦੇਸ਼ਾਂ ਦਾ ਇਹ ਸੰਗਠਨ ਸੰਨ 2015 ਨੂੰ ਪੈਰਿਸ ਵਿੱਚ ਹੋਏ ਜਲਵਾਯੂ ਸੰਮੇਲਨ ਦੌਰਾਨ ਪ੍ਰਸਤਾਵਿਤ ਕੀਤਾ ਗਿਆ ਸੀ। ਇਹ ਸੰਗਠਨ ਅਜਿਹੇ ਨਵੇਂ ਸੌਰ ਊਰਜਾ ਤਰੀਕਿਆਂ ਦੀ ਖੋਜ ਤੇ ਜ਼ੋਰ ਦੇਵੇਗਾ, ਜਿਨ੍ਹਾਂ ਰਾਹੀਂ ਵਿਕਾਸ ਲਈ ਖਰਚ ਘੱਟ ਅਤੇ ਉਤਪਾਦਨ ਸ਼ਕਤੀ ਵਧੇਰੇ ਹੋਸਕੇ। 11 ਮਾਰਚ 2018 ਨੂੰ ਨਵੀਂ ਦਿੱਲੀ ਵਿੱਚ ਹੋਈ ਅੰਤਰਾਸ਼ਟਰੀ ਸੌਰ ਸੰਗਠਨ ਦੀ ਕਾਨਫਰੰਸ ਵਿੱਚ ਵੀ ਸੌਰ ਊਰਜਾ ਸ਼ਕਤੀ ਉਤਪਾਦਨ ਦੀਆਂ ਨਵੀਆਂ ਵਿਧੀਆਂ ਤੇ ਚਰਚਾ ਹੋਈ ਅਤੇ ਇਹ ਸੁਨਿਸ਼ਚਿਤ ਕੀਤਾ ਗਿਆ ਕਿ ਵਧੇਰੇ ਸੌਰ-ਚਮਕ ਵਾਲੇ ਦੇਸ਼ (ਕਰਕ ਅਤੇ ਮਕਰ ਰੇਖਾ ਦੇ ਵਿਚਕਾਰ ਵਾਲੇ ਖੇਤਰ) ਘੱਟ ਖਰਚੇ ਤੇ ਵੱਧ ਊਰਜਾ ਉਤਪਾਦਨ ਕਿਵੇਂ ਕਰਨ। ਇਸ ਕਾਨਫਰੰਸ ਵਿੱਚ 50 ਦੇਸ਼ਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਸੰਨ 2030 ਤੱਕ ਇਸ ਸੰਗਠਨ ਨੇ 1 ਟ੍ਰਿਲੀਅਨ ਡਾਲਰ ਦਾ ਬੱਜਟ ਸੌਰ ਊਰਜਾ ਪ੍ਰੋਜੈਕਟਾਂ ਲਈ ਹੀ ਰੱਖਿਆ ਹੈ।

ਤੁਲਨਾਤਮਕ ਤੌਰ ਤੇ ਦੇਖਿਆ ਜਾਵੇ ਤਾਂ, ਸੌਰ ਬਿਜਲ-ਊਰਜਾ, ਤੇਲ, ਕਲ, ਗੈਸ, ਅਤੇ ਨਿਊਕਲੀਅਰ ਬਿਜਲੀ ਊਰਜਾ ਉਤਪਾਦਨ ਤੋਂ ਕਿਤੇ ਸਸਤੀ ਅਤੇ ਸਵੱਛ ਹੈ। ਇਸ ਊਰਜਾ ਦੇ ਤਿਆਰ ਕਰਨ ਵਿੱਚ ਕਿਸੇ ਵੀ ਪ੍ਰਕਾਰ ਦਾ ਵਾਤਾਵਰਨ ਲਈ ਘਾਤਕ ਪ੍ਰਦੂਸ਼ਣ ਨਹੀਂ ਹੁੰਦਾ। ਇਸੇ ਕਰਕੇ ਵਿਸ਼ਵ ਪੱਧਰ ਤੇ ਊਰਜਾ ਲੋੜਾਂ ਦੀ ਪੂਰਤੀ ਲਈ ਵੱਡੇ ਪੱਧਰ ਤੇ ਆਫ ਗਰਿੱਡ ਫੋਟੋਵੋਲਟਿਕ ਸ਼ਕਤੀ ਪਲਾਂਟਾਂ ਦਾ ਵਿਕਾਸ ਵੀ ਹੋਰਿਹਾ ਹੈ। ਭਾਰਤ ਵਿੱਚ ਅਜਿਹੇ ਪਲਾਂਟ ਲੱਗਣੇ ਸ਼ੁਰੂ ਹੋਚੁੱਕੇ ਹਨ। ਸਾਡੇ ਦੇਸ਼ ਦੇ ਪੇਂਡੂ ਖਿੱਤੇ ਦੀ ਬਿਜਲੀ ਊਰਜਾ ਦੀ ਖਪਤ ਦਰ ਬਹੁਤ ਘੱਟ ਹੈ, ਕਿਉਂਕਿ 2015 ਤੱਕ ਸਿਰਫ 55% ਪੇਂਡੂ ਖੇਤਰਾਂ ਦੇ ਘਰਾਂ ਦੀਆਂ ਰੋਜ਼ਾਨਾ ਵਰਤੋਂ ਵਾਲੀਆਂ ਚੀਜਾਂ ਬਿਜਲੀ ਤੇ ਚੱਲਦੀਆਂ ਹਨ। ਸੌਰ ਊਰਜਾ ਅਜਿਹੀਆਂ ਲੋੜਾਂ-ਪੂਰਤੀਆਂ ਲਈ ਵਰਦਾਨ ਸਾਬਿਤ ਹੋਰਹੀ ਹੈ। ਸੰਨ 2015 ਤੱਕ ਤਕਰੀਬਨ 10 ਲੱਖ ਲੋਕਾਂ ਨੂੰ ਸੌਰ ਊਰਜਾ ਨਾਲ ਚੱਲਣ ਵਾਲੀਆਂ ਲਾਲਟੈਨਾਂ ਦਿੱਤੀਆਂ ਗਈਆਂ ਹਨ, ਜੋਕਿ ਪਹਿਲਾਂ ਮਿੱਟੀ ਦਾ ਤੇਲ ਵਰਤ ਕੇ ਲਾਈਟ ਪੈਦਾ ਕਰਦੇ ਸਨ। ਰਾਸ਼ਟਰੀ ਸੌਰ ਊਰਜਾ ਮਿਸ਼ਨ ਅਧੀਨ 2016 ਤੱਕ ਲੱਗਭਗ 2 ਲੱਖ ਘਰੇਲੂ ਸੌਰ ਲਾਈਟਾਂ, ਗਲੀਆਂ ਅਤੇ ਸੜਕਾਂ ਲਈ 47 ਹਜ਼ਾਰ ਸੌਰ ਲਾਈਟਾਂ ਲਗਾਈਆਂ ਜਾ ਚੁੱਕੀਆਂ ਹਨ ਅਤੇ 14 ਲੱਖ ਸੂਰਜੀ ਕੁੱਕਰ ਲੋਕਾਂ ਨੂੰ ਦਿੱਤੇ ਜਾ ਚੁੱਕੇ ਹਨ। ਪਰ ਅਜੇ ਤੱਕ ਵੀ 85% ਪੇਂਡੂ ਲੋਕ ਠੋਸ ਜਲਣਸ਼ੀਲ ਪਦਾਰਥ ਹੀ ਰਸੋਈ/ਕੁਕਿੰਗ ਦੇ ਕੰਮਕਾਜ ਲਈ ਵਰਤ ਰਹੇ ਹਨ, ਜਿਨ੍ਹਾਂ ਵਿੱਚ ਗੋਹੇ ਦੀਆਂ ਪਾਥੀਆਂ, ਲੱਕੜ ਅਤੇ ਘਾਹ-ਫੂਸ ਆਦਿ ਸ਼ਾਮਿਲ ਹੈ।

**ਸੌਰ ਊਰਜਾ ਦਾ ਮਾਪ ਕਿਵੇਂ ਕੀਤਾ ਜਾਂਦਾ ਹੈ?**

ਸੌਰ ਜਾਂ ਪ੍ਰਕਾਸ਼ੀ ਕਿਰਨਾਂ ਦੀ ਚਮਕ ਮਾਪਣ ਦੀ ਇਕਾਈ ਸ਼ਕਤੀ (ਵਾਟ) ਪ੍ਰਤੀ ਯੂਨਿਟ ਖੇਤਰ ਹੈ।ਸੌਰ ਚਮਕ ਦੀ ਤੀਬਰਤਾ ਸੂਰਜ ਅਤੇ ਧਰਤੀ ਵਿਚਲੀ ਦੂਰੀ ਤੇ ਨਿਰਭਰ ਕਰਦੀ ਹੈ। ਧਰਤੀ ਤੱਕ ਪਹੁੰਚਣ ਵਾਲੀ ਪ੍ਰਕਾਸ਼ੀ ਚਮਕ ਹੋਰ ਕਈ ਕਾਰਨਾਂ ਤੇ ਵੀ ਨਿਰਭਰ ਕਰਦੀ ਹੈ, ਜਿਵੇਂ ਪ੍ਰਕਾਸ਼ ਦੀਆਂ ਕਿਰਨਾਂ ਦਾ ਝੁਕਾਉਕੋਣ, ਸੂਰਜ ਦੀ ਉਚਾਈ ਅਤੇ ਵਾਤਾਵਰਣ ਦੀਆਂ ਹਾਲਤਾਂ ਆਦਿ। ਸੂਰਜ ਤੱਥ ਧਰਤੀ ਤੱਕ ਪੁੱਜਣ ਵਾਲੀ ਰੇਡੀਏਸ਼ਨ ਨੂੰ ਊਰਜਾ ਖੇਤਰ ਅਤੇ ਉਸਦੀ ਤਰੰਗ ਲੰਬਾਈ ਦੇ ਹਿਸਾਬ ਨਾਲ ਹੀ ਮਾਪਿਆ ਜਾਂਦਾ ਹੈ। ਸੌਰ ਊਰਜਾ ਦਾ ਅਸਰ ਮਨੁੱਖਾਂ, ਜਾਨਵਰਾਂ, ਪਸ਼ੂ-ਪੰਛੀਆਂ ਅਤੇ ਬਨਸਪਤੀ ਤੇ ਵੀ ਹੁੰਦਾ ਹੈ। ਸੌਰ ਚਮਕ

ਕਈ ਭਾਗਾਂ ਵਿੱਚ ਵੰਡਿਆ ਹੁੰਦਾ ਹੈ, ਅਤੇ ਵਾਯੂਮੰਡਲ ਦੁਆਰਾ ਹੀ ਸੂਰਜ ਦੀਆਂ ਕਿਰਨਾਂ ਨੂੰ ਖਿਲਾਰ ਕੇ ਧਰਤੀ ਤੱਕ ਪਹੁੰਚਾਇਆ ਜਾਂਦਾ ਹੈ। ਇਸਨੂੰ ਧਰਾਤਲ ਤੇ ਹੀ ਮਾਪਿਆ ਜਾਂਦਾ ਹੈ। ਵਿਆਪਕ ਸੌਰ ਚਮਕ ਸੂਰਜੀ ਦੀਆਂ ਕਿਰਨਾਂ ਦੀ ਸਿੱਧੀ ਰੇਡੀਏਸ਼ਨ ਹੁੰਦੀ ਹੈ, ਜੋਕਿ ਧਰਾਤਲ ਤੱਕ ਅੱਪੜਦੀ ਹੈ। ਪ੍ਰਕਾਸ਼ ਦੀ ਤਪਿਸ਼ ਸ਼ਕਤੀ ਨੂੰ ਐਸ.ਆਈ. ਯੂਨਿਟ (ਵਾਟ ਪ੍ਰਤੀ ਵਰਗਮੀਟਰ) ਜਾਂ ਲੈਂਗਲੇ ਵਿੱਚ ਹੀ ਮਾਪਿਆ ਜਾਂਦਾ ਹੈ। ਸੌਰ ਸ਼ਕਤੀ ਉਤਪਾਦਕ ਸੱਨਅਤ ਸੂਰਜੀ ਊਰਜਾ ਨੂੰ ਕਿਲੋਵਾਟ ਘੰਟਾ ਪ੍ਰਤੀ ਵਰਗਮੀਟਰ ਪ੍ਰਤੀ ਦਿਨ ਦੇ ਹਿਸਾਬ ਨਾਲ ਮਾਪਦੀ ਹੈ। ਇੱਕ ਕਿਲੋਵਾਟ/ਵ.ਮੀ.=24 ਕਿਲੋਵਾਟ ਘੰਟਾ/ਵ.ਮੀ./ਦਿਨ=8760 ਕਿਲੋਵਾਟ ਘੰਟਾ/ਵ.ਮੀ./ਸਾਲਾਨਾ ਦੇ ਬਰਾਬਰ ਹੁੰਦਾ ਹੈ। ਸਾਡੇ ਦੇਸ਼ ਦੇ ਕਈ ਖੇਤਰ ਅਜਿਹੇ ਹਨ, ਜਿੱਥੇ ਸੂਰਜ 300 ਦਿਨ ਲਗਾਤਾਰ ਸਾਫ ਤੌਰ ਤੇ ਚਮਕਦਾ ਹੈ। ਅਜਿਹੇ ਖੇਤਰਾਂ ਵਿੱਚ ਸੌਰ ਚਮਕ ਦੀ ਸ਼ਕਤੀ 5000 ਟ੍ਰਿਲੀਅਨ ਕਿਲੋਵਾਟ ਘੰਟਾ/ਸਾਲਾਨਾ ਦੀ ਦਰ ਨਾਲ ਖਿਲਰਦੀ ਹੈ।

ਭਾਰਤ ਵਿੱਚ ਸੌਰ ਊਰਜਾ ਪਲਾਂਟਾਂ ਦੀ ਰੋਜ਼ਾਨਾ ਉਤਪਾਦਕ ਸ਼ਕਤੀ 0.20 ਕਿਲਵਾਟ ਘੰਟਾ ਪ੍ਰਤੀ ਵਰਗਮੀਟਰ ਹੈ। ਦੇਸ਼ ਵਿੱਚ ਸੌਰ ਊਰਜਾ ਦੀ ਉਪਲਬਧਤਾ ਬਾਕੀ ਹੋਰ ਊਰਜਾ ਦੇ ਸ੍ਰੋਤਾਂ (ਪਥਰਾਟ ਬਾਲਣ) ਤੱਕ ਕਿਤੇ ਵੱਧ ਹੈ। ਆਓ ਇੱਕ ਝਾਤ ਪਾਉਂਦੇ ਹਾਂ ਸਾਡੇ ਦੇਸ਼ ਦੇ ਪ੍ਰਮੁੱਖ ਸੌਰ ਊਰਜਾ ਸ਼ਕਤੀ ਉਤਪੰਨ ਕਰਨ ਵਾਲੇ ਰਾਜਾਂ ਅਤੇ ਪੈਦਾ ਹੋਣ ਵਾਲੇ ਬਿਜਲੀ ਦੇ ਉਤਪਾਦਨ ਤੇ।

**ਰਾਜਸਥਾਨ** : ਭਾਰਤ ਦਾ ਸਭ ਤੋਂ ਜ਼ਿਆਦਾ ਸੌਰ ਊਰਜਾ ਵਿਕਸਿਤ ਰਾਜ ਹੈ। ਇੱਥੇ ਸੂਰਜੀ ਚਮਕ ਜ਼ਿਆਦਾ ਪੈਂਦੀ ਹੈ। ਇਸ ਰਾਜ ਦੀ ਕੁੱਲ ਸੂਰਜੀ ਊਰਜਾ ਉਤਪਾਦਨ ਸ਼ਕਤੀ (ਫੋਟੋਵੋਲਟਿਕ ਸਮਰੱਥਾ) 2156 ਮੈਗਾਵਾਟ ਹੈ।ਆਂਧਰਾ ਪ੍ਰਦੇਸ਼ ਤੋਂ ਬਾਅਦ ਰਾਜਸਥਾਨ ਦੇਸ਼ ਦਾ ਦੂਜਾ ਵੱਡਾ ਸੌਰ ਊਰਜਾ ਉਤਪਾਦਕ ਰਾਜ ਹੈ। ਵਿਸ਼ਵ ਦਾ ਸਭ ਤੋਂ ਵੱਡਾ ਫਰੈਜ਼ਨਲ ਆਕਾਰ ਦਾ 125 ਮੈਗਾਵਾਟ ਦਾ ਸੌਰ ਸ਼ਕਤੀ ਪਲਾਂਟ ਧੀਰੂਭਾਈ ਅੰਬਾਨੀ ਸੋਲਰ ਪਾਰਕ ਵਿੱਚ ਲਗਾਇਆ ਗਿਆ ਹੈ। ਜੋਧਪੁਰ, ਜੈਸਲਮੇਰ, ਬੀਕਾਨੇਰ ਵਿੱਚ ਸੌਰ ਊਰਜਾ ਦਾ ਉਤਪਾਦਨ 1500 ਮੈਗਾਵਾਟ ਤੱਕ ਹੈ। ਟਾਵਰ ਦੇ ਆਕਾਰ ਦਾ ਸੌਰ ਥਰਮਲ ਪਲਾਂਟ (2.5 ਮੈਗਾਵਾਟ) ਬੀਕਾਨੇਰ ਵਿਚ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਬੱਡਲਾ ਵਿੱਚ ਵੀ 2255 ਮੈਗਾਵਾਟ ਦੇ ਸੌਰ ਊਰਜਾ ਪਲਾਂਟ ਨੂੰ ਹਰੀ ਝੰਡੀ ਮਿਲ ਚੁੱਕੀ ਹੈ।

**ਗੁਜਰਾਤ** : ਇਹ ਰਾਜ ਵੀ ਸੌਰ ਊਰਜਾ ਸ਼ਕਤੀ ਪੈਦਾ ਕਰਨ ਵਿੱਚ ਭਾਰਤ ਦਾ ਇੱਕ ਮੋਹਰੀ ਰਾਜ ਬਣਦਾ ਜਾ ਰਿਹਾ ਹੈ। ਜੁਲਾਈ 2017 ਤੱਕ ਇਸ ਰਾਜ ਦੀ ਸੂਰਜੀ ਬਿਜਲੀ ਊਰਜਾ ਪੈਦਾ ਕਰਨ ਦੀ ਸਮਰੱਥਾ 1262 ਮੈਗਾਵਾਟ ਤੱਕ ਪੁੱਜ ਚੁੱਕੀ ਹੈ।ਆਉਣ ਵਾਲੇ ਸਾਲਾਂ ਵਿੱਚ ਗੁਜਰਾਤ ਸਟੇਟ ਪੂਰੇ ਭਾਰਤ ਵਿੱਚੋਂ ਸੌਰ ਊਰਜਾ ਪੈਦਾ ਕਰਨ ਵਿੱਚ ਪਹਿਲ ਲੈ ਜਾਵੇਗਾ, ਕਿਉਂਕਿ ਇੱਥੇ ਸੌਰ ਊਰਜਾ ਪੈਦਾ ਕਰਨ ਦੇ ਮੌਕੇ, ਖੁੱਲ੍ਹਾ ਸਮਤਲ ਧਰਾਤਲ, ਵਧੀਆਂ ਸੜਕਾਂ ਅਤੇ ਯਾਤਾਯਾਤ ਪ੍ਰਣਾਲੀ, ਸੌਰ ਬਿਜਲ-ਊਰਜਾ ਭੇਜਣ ਅਤੇ ਸਟੋਰ ਕਰਨ ਲਈ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਉਪਲਬਧ ਹਨ। ਗੁਜਰਾਤ ਸਰਕਾਰ ਨੇ ਪਟਨ ਜ਼ਿਲੇ ਦੇ ਚਾਰਨਕਾ ਪਿੰਡ ਕੋਲ ਏਸ਼ੀਆ ਦੇ ਸਭ ਤੋਂ ਵੱਡੇ ਸੌਰ ਊਰਜਾ ਪਾਵਰ ਪਲਾਂਟ ਨੂੰ ਹਰੀ ਝੰਡੀ ਦਿੱਤੀ ਹੈ। 500 ਮੈਗਾਵਾਟ ਸਮਰੱਥਾ ਦੇ ਇਸ ਸੌਰ ਪਲਾਂਟ ਨੇ 2 ਮੈਗਾਵਾਟ ਊਰਜਾ ਦਾ ਉਤਪਾਦਨ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਗਾਂਧੀਨਗਰ ਨੂੰ ਵੀ ਸੌਰ ਸ਼ਹਿਰ ਵੱਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਘਰਾਂ ਦੀਆਂ ਛੱਤਾਂ ਤੇ ਵੀ ਸੌਰ ਪੈਨਲ ਲਾਏ ਜਾ ਰਹੇ ਹਨ।

ਮਹਾਂਰਾਸ਼ਟਰ ਵਿੱਚ ਸਭ ਤੋਂ ਵੱਡਾ ਸੌਰ ਊਰਜਾ ਸ਼ਕਤੀ ਉਤਪਾਦਕ ਪਲਾਂਟ 125 ਮੈਗਾਵਾਟ ਦਾ ਹੈ ਜੋਕਿ ਸਾਕਰੀ ਵਿੱਚ ਸਥਿਤ ਹੈ। ਸੌਰ ਊਰਜਾ ਨਾਲ ਤਿਆਰ ਵਿਸ਼ਵ ਦਾ ਸਭ ਤੋਂ ਵੱਡਾ ਭਾਫ ਦਾ ਪਲਾਂਟ ਸ੍ਰੀ ਸਾਂਈ ਬਾਬਾ ਸੰਸਥਾਨ (ਨੇੜੇ ਮਨਵਾੜ) ਵਿਖੇ ਲਗਾਇਆ ਗਿਆ ਹੈ। ਸ਼ਿਰੜੀ ਮੰਦਰ ਵਿੱਚ ਬਣੇ ਇਸ ਪਲਾਂਟ ਦੀ ਅੰਦਾਜਨ ਕੀਮਤ 1.33 ਕਰੋੜ ਰੁਪਏ ਹੈ। ਕੇਂਦਰ ਸਰਕਾਰ ਦੇ ਊਰਜਾ ਮੰਤਰਾਲੇ ਨੇ 58.4 ਲੱਖ ਰੁਪਏ ਦੀ ਸਬਸਿਡੀ ਵੀ ਇਸ ਪ੍ਰੋਜੈਕਟ ਤੇ ਦਿੱਤੀ ਹੈ। ਰੋਜ਼ਾਨਾ 50 ਹਜ਼ਾਰ ਸ਼ਰਧਾਲੂਆਂ ਦਾ ਲੰਗਰ ਇਸ ਭਾਫ ਪਲਾਂਟ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਨਾਲ ਸਾਲਾਨਾ 1 ਲੱਖ ਕਿਲੋਗ੍ਰਾਮ ਰਸੋਈ ਗੈਸ ਦੀ ਬੱਚਤ ਵੀ ਹੁੰਦੀ ਹੈ। ਮੰਦਰ ਕੰਪਲੈਕਸ ਦੀਆਂ ਲਾਈਟਾਂ ਵੀ ਇਸੇ ਸੌਰ ਪਾਵਰ ਪਲਾਂਟ ਨਾਲ ਹੀ ਚੱਲਦੀਆਂ ਹਨ। ਇਸ ਤੋਂ ਇਲਾਵਾ ਉਸਮਾਨਾਬਾਦ ਵਿੱਚ ਵੀ 10 ਮੈਗਾਵਾਟ ਦਾ ਸੌਰ ਊਰਜਾ ਪੈਦਾ ਕਰਨ ਵਾਲਾ ਪਲਾਂਟ ਲਗਾਇਆ ਗਿਆ ਹੈ। ਇਹ ਸ਼ਹਿਰ ਭਾਰਤ ਦਾ ਤੀਜਾ ਅਜਿਹਾ ਸ਼ਹਿਰ ਹੈ, ਜਿੱਥੇ ਸੂਰਜ ਅਥਾਹ ਰੂਪ ਵਿੱਚ ਚਮਕਦਾ ਹੈ। ਦਸੰਬਰ 2017 ਤੱਕ ਸੌਰ ਊਰਜਾ ਉਤਪਾਦਨ ਲਗਭੱਗ 430 ਮੈਗਾਵਾਟ ਸਮਰੱਥਾ ਤੱਕ ਪੁੱਜ ਚੁੱਕਾ ਹੈ। 2022 ਤੱਕ ਇਹ ਸਮਰੱਥਾ ਹੋਰ ਵੀ ਵੱਧਣ ਦੀ ਸੰਭਾਵਨਾ ਹੈ।

ਮੱਧਪ੍ਰਦੇਸ਼ ਵਿੱਚ ਵੀ ਸੌਰ ਊਰਜਾ ਸ਼ਕਤੀ ਉਤਪਾਦਨ ਦਾ ਕੰਮ ਜੋਰਾਂ ਸ਼ੋਰਾਂ ਤੇ ਚੱਲ ਰਿਹਾ ਹੈ। 2017 ਤੱਕ ਇਸ ਰਾਜ ਦਾ ਉਤਪਾਦਨ 1117 ਮੈਗਾਵਾਟ ਦੀ ਸਮਰੱਥਾ ਤੱਕ ਪੁੱਜ ਚੁੱਕਾ ਹੈ। ਰਾਜ ਦਾ ਸਭ ਤੋਂ ਵੱਡਾ ਸੌਰ ਊਰਜਾ ਪਲਾਂਟ (ਵੈਲਸਪਨ ਪ੍ਰੋਜੈਕਟ) 1100 ਕਰੜ ਦੀ ਲਾਗਤ ਨਾਲ ਬਣਿਆ ਹੈ। 130 ਮੈਗਾਵਾਟ ਦਾ ਇਹ ਸੌਰ ਪ੍ਰੋਜੈਕਟ ਵੀ ਪ੍ਰਧਾਨ ਮੰਤਰੀ ਦੇ ਕਰ ਕਮਲਾਂ ਨਾਲ ਸ਼ੁਰੂ ਹੋ ਗਿਆ ਹੈ। ਇਹ ਸੌਰ ਪਲਾਂਟ 3 ਵਰਗ ਕਿਲੋਮੀਟਰ ਖੇਤਰ ਵਿੱਚ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਰੀਵਾ ਜ਼ਿਲੇ ਵਿੱਚ ਵੀ 750 ਮੈਗਾਵਾਟ ਸ਼ਕਤੀ ਦਾ ਸੌਰ ਊਰਜਾ ਪਲਾਂਟ 2018 ਦੇ ਅੰਤ ਤੱਕ ਬਣ ਕੇ ਤਿਆਰ ਹੋ ਜਾਵੇਗਾ। ਦੇਸ਼ ਵਿੱਚ ਬਹੁਤੇ ਸੌਰ ਪ੍ਰੋਜੈਕਟ ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਦੀ ਮੱਦਦ ਨਾਲ ਹੀ ਲੱਗ ਰਹੇ ਹਨ।

ਕੇਰਲ ਰਾਜ ਵੀ ਸੌਰ ਊਰਜਾ ਸ਼ਕਤੀ ਉਤਪਾਦਨ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਭਾਰਤ ਦਾ ਪਹਿਲਾ ਤੈਰਦਾ ਸੌਰ ਪਾਵਰ ਪਲਾਂਟ ਕੇਰਲਾ ਦੇ ਬਨਸੌਰਾ ਸਾਗਰ ਦੀ ਝੀਲ ਵਿੱਚ ਫਿੱਟ ਕੀਤਾ ਗਿਆ ਹੈ। 500 ਕਿਲੋਵਾਟ ਦਾ ਇਹ ਸੌਰ ਪਲਾਂਟ ਕੇਰਲ ਬਿਜਲੀ ਵਿਭਾਗ ਵੱਲੋਂ 1.25 ਏਕੜ ਪਾਣੀ ਦੀ ਸਤਹਿ ਤੇ ਸਥਾਪਿਤ ਕੀਤਾ ਗਿਆ ਹੈ। ਇਸ ਸੌਲਰ

ਪਲਾਂਟ ਦੇ 2000 ਦੇ ਕਰੀਬ ਸੌਰ ਪੈਨਲ ਹਨ ਅਤੇ ਇਹ 18 ਫੈਰੋ-ਸੀਮੈਂਟ ਦੇ ਠਿਲਨਿਆਂ (ਫਲੋਟਰਸ) ਉੱਪਰ ਲਗਾਏ ਗਏ ਹਨ। ਅੰਦਰੋਂ ਖਾਲੀ ਹੋਣ ਕਰਕੇ ਇਹ ਸੌਰ ਠਿਲਣੇ ਪਾਣੀ ਵਿੱਚ ਤੈਰਦੇ ਰਹਿੰਦੇ ਹਨ।

ਸੌਰ ਊਰਜਾ ਸ਼ਕਤੀ ਉਤਪਾਦਨ ਵਿੱਚ ਪੰਜਾਬ ਵੀ ਦੇਸ਼ ਦੇ ਬਾਕੀ ਸੂਬਿਆਂ ਤੋਂ ਘੱਟ ਨਹੀਂ ਹੈ। ਸਾਡੇ ਪੰਜਾਬ ਦੀ ਇਸ ਕੁਦਰਤੀ ਊਰਜਾ ਸ਼ਕਤੀ ਉਤਪੰਨਤਾ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਹੈ। ਪੰਜਾਬਵਿੱਚ ਸਾਲ ਵਿੱਚ 300 ਤੋਂ ਜ਼ਿਆਦਾ ਦਿਨ ਸੂਰਜ ਚਮਕਦਾ ਹੈ। ਪੰਜਾਬ ਦੀ ਧਰਤੀ ਤੇ ਸੂਰਜੀ ਕਿਰਨਾਂ ਦੀ ਰੇਡੀਏਸ਼ਨ ਪੈਣ ਦੀ ਸਮਰੱਥਾ 4-7 ਕਿਲੋਵਾਟ ਘੰਟਾ ਪ੍ਰਤੀ ਵਰਗ ਮੀਟਰ ਹੈ। ਇਸੇ ਤੱਥ ਨੂੰ ਮੁੱਖ ਰੱਖਦਿਆਂ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ () ਨੇ ਨਵਿਆਉਣਯੋਗ ਕੁਦਰਤੀ ਸ੍ਰੋਤ ਦੇ ਤੌਰ ਤੇ ਸੂਰਜੀ ਊਰਜਾ ਨੂੰ ਬਿਜਲੀ ਸ਼ਕਤੀ ਵਿੱਚ ਬਦਲਣ ਲਈ ਕਾਫੀ ਪ੍ਰੋਜੈਕਟ ਲਗਾਏ ਹਨ। ਅਜਿਹੇ ਪ੍ਰੋਜੈਕਟ ਲਗਾਉਣ ਨਾਲ ਊਰਜਾ ਖੇਤਰ ਵਿਚ ਕਾਫੀ ਵਾਧਾ ਵੀ ਹੋਇਆ ਹੈ। ਹੌਲੀ-ਹੌਲੀ ਪੁਰਾਣੇ ਬਿਜਲੀ ਪੈਦਾ ਕਰਨ ਵਾਲੇ ਸ੍ਰੋਤਾਂ ਨੂੰ ਬਦਲਿਆ ਵੀ ਜਾ ਰਿਹਾ ਹੈ। ਆਲਮੀ ਤਪਿਸ਼ ਵਰਗੇ ਖਤਰਨਾਕ ਮੁੱਦੇ ਨੂੰ ਖਤਮ ਕਰਨ ਲਈ ਸੌਰ ਊਰਜਾ ਹੀ ਇੱਕ ਬਦਲਵਾਂ ਸ੍ਰੋਤ ਹੈ। ਕੇਂਦਰੀ ਨਵਿਆਉਣਯੋਗ ਊਰਜਾ ਮੰਤਰਾਲੇ ਦੀ ਸਹਾਇਤਾ ਨਾਲ ਅਕਤੂਬਰ 1999 ਵਿੱਚ ਮਿੰਨੀ ਸਕੱਤਰੇਤ ਬਿਲਡਿੰਗ ਚੰਡੀਗੜ੍ਹ ਅਤੇ ਬਜ਼ਾਕ ਪਿੰਡ ਵਿੱਚ 50-50 ਕਿਲੋਵਾਟ ਸਮਰੱਥਾ ਦੇ ਦੋ ਸੌਰ ਗਰਿੱਡ ਪਾਵਰ ਪਲਾਂਟ ਲਗਾਏ ਗਏ, ਜੋ ਕਿ ਅੱਜ ਵੀ ਸਹੀ ਸਲਾਮਤ ਚੱਲ ਰਹੇ ਹਨ। 200 ਕਿਲੋਵਾਟ ਸਮਰੱਥਾ ਦਾ ਸੌਰ ਗਰਿੱਡ ਪਾਵਰ ਪਲਾਂਟ ਨਵਾਂਸ਼ਹਿਰ ਜ਼ਿਲੇ ਦੇ ਬਹੁਤ ਹੀ ਮਹੱਤਵਪੂਰਨ ਨਗਰ (ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਜੱਦੀ ਪਿੰਡ) ਖਟਕੜ ਕਲਾਂ ਵਿੱਚ ਕੇਂਦਰੀ ਨਵਿਆਉਣਯੋਗ ਊਰਜਾ ਮੰਤਰਾਲੇ ਦੀ ਸਹਾਇਤਾ ਨਾਲ ਲਗਾਇਆ ਗਿਆ। ਇਸ ਸੌਰ ਪ੍ਰੋਜੈਕਟ ਤੇ 67% ਖਰਚ ਕੇਂਦਰ ਸਰਕਾਰ ਨੇ ਕੀਤਾ ਹੈ।

23 ਮਾਰਚ 2003 ਨੂੰ ਇਹ ਸੌਰ ਪਾਵਰ ਪ੍ਰੋਜੈਕਟ ਸ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਉਸ ਸਮੇਂ ਭਾਰਤ ਦੇ ਰਾਸ਼ਟਰਪਤੀ (ਸਵਰਗੀ) ਡਾ. ਅਬਦੁੱਲ ਕਲਾਮ ਸਾਹਿਬ ਨੇ ਲੋਕ ਅਰਪਣ ਕੀਤਾ। ਪੰਜਾਬ ਰਾਜ ਬਿਜਲੀ ਬੋਰਡ ਦੇ ਗਰਿੱਡ ਸਿਸਟਮ ਰਾਹੀਂ ਇਸ ਸੌਰ ਪ੍ਰੋਜੈਕਟ ਨਾਲ ਸੈਂਕੜੇ ਦੇ ਕਰੀਬ ਸੜਕਾਂ ਤੇ ਲੱਗੀਆਂ ਲਾਈਟਾਂ ਚੱਲ ਰਹੀਆਂ ਹਨ।

**ਪੰਜਾਬ ਵਿੱਚ ਸੌਰ ਊਰਜਾ ਪਲਾਂਟ** : ਪੇਡਾ ਕੰਪਲੈਕਸ (ਚੰਡੀਗੜ੍ਹ) ਵਿੱਚ ਵੀ ਲੱਗਭਗ 25 ਕਿਲੋਵਾਟ ਸਮਰੱਥਾ ਦਾਸੌਰ ਬਿਜਲੀ ਸ਼ਕਤੀ ਪ੍ਰੋਜੈਕਟ 2004 ਵਿੱਚ ਲਗਾਇਆ ਗਿਆ। ਇਸ ਨਾਲ ਕੰਪਲੈਕਸ ਵਿਚਲੀਆਂ ਲਾਈਟਾਂ, ਪੱਖੇ-ਕੂਲਰ, ਕੰਪਿਊਟਰ ਆਦਿ ਵੀ ਚੱਲ ਰਹੇ ਹਨ। ਭਾਰਤ ਸਰਕਾਰ ਦੇ ਜਵਾਹਰ ਲਾਲ ਨਹਿਰੂ ਸੋਲਰ ਮਿਸ਼ਨ ਅਧੀਨ ਹੁਣ ਤੱਕ ਰਾਜਵਿੱਚ 7 ਸੌਰ ਊਰਜਾ ਪ੍ਰੋਜੈਕਟ (ਸਮਰੱਥਾ 9.5 ਮੈਗਾਵਾਟ) ਤਿਆਰ ਕੀਤੇ ਜਾ ਚੁੱਕੇ ਹਨ।

1 ਮੈਗਾਵਾਟ ਸ਼ਕਤੀ ਦਾ ਸੌਰਪ੍ਰੋਜੈਕਟ ਬਠਿੰਡੇ ਜ਼ਿਲੇ ਦੇ ਫੂਲੋਖੇੜੀ ਪਿੰਡ ਵਿੱਚ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਦੋ ਵੱਖ-ਵੱਖ ਫੇਜ਼ਾਂ ਵਿੱਚ 219 ਮੈਗਾਵਾਟ ਸ਼ਕਤੀ ਦੇ 27 ਸੌਰ ਪਾਵਰ ਪਲਾਂਟ ਅਤੇ 194 ਮੈਗਾਵਾਟ ਸਮਰੱਥਾ ਦੇ 21 ਸੌਰ ਪਲਾਂਟ ਲੋਕ ਅਰਪਣ ਕੀਤੇ ਗਏ ਹਨ। ਤੀਜੇ ਫੇਜ਼ ਵਿੱਚ 500 ਮੈਗਾਵਾਟ ਦੇ 19 ਸੌਰ ਪਲਾਂਟ ਲਗਾਏ ਗਏ ਹਨ ਜਿਨ੍ਹਾਂ ਵਿੱਚੋਂ 325 ਮੈਗਾਵਾਟ ਦੇ 12 ਪਲਾਂਟ ਕੰਮ ਕਰ ਰਹੇ ਹਨ ਅਤੇ 175 ਮੈਗਾਵਾਟ ਸ਼ਕਤੀ ਵਾਲੇ ਸੌਰ ਪਲਾਂਟ ਅਜੇ ਤਿਆਰ ਹੋ ਰਹੇ ਹਨ। ਪਿਛਲੀ ਸਰਕਾਰ ਦੇ 10 ਸਾਲਾ ਕਾਰਜਕਾਲ ਦੌਰਾਨ ਸੌਰ ਊਰਜਾ ਪਾਵਰ ਪ੍ਰੋਜੈਕਟਾਂ ਤੇ ਕਾਫੀ ਕੰਮ ਹੋਇਆ ਹੈ। ਸੋਲਰ ਫੋਟੋਵੋਲਟਿਕ ਦੇ ਪ੍ਰਮੁੱਖ ਪ੍ਰੋਗਰਾਮ ਰੂਫਟੋਪ (ਛੱਤਾਂ ਤੇ ਸੌਰ ਪੈਨਲ) ਅਧੀਨ ਪੰਜਾਬ ਦੀਆਂ ਮਹੱਤਵਪੂਰਨ ਸਰਕਾਰੀ ਬਿਲਡਿੰਗਾਂ ਦੀਆਂ ਛੱਤਾਂ ਤੇ ਸੂਰਜੀ ਸੈੱਲਾਂ ਦੇ ਪੈਨਲ ਲਗਾਏ ਗਏ ਹਨ। ਇਨ੍ਹਾਂ ਵਿੱਚੋਂ ਪੰਜਾਬ ਰਾਜ ਭਵਨ, ਪੰਜਾਬ ਸਿਵਲ ਸਕੱਤਰੇਤ, ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ, ਵਾਹਗਾ ਬਾਰਡਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਤੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਪ੍ਰਮੁੱਖ ਹਨ। ਇਸ ਤੋਂ ਇਲਾਵਾ ਲੋਕਾਂ ਨੂੰ ਆਪਣੇ ਘਰਾਂ ਦੀਆਂ ਛੱਤਾਂ ਤੇ ਸੋਲਰ ਪੈਨਲ ਲਗਾਉਣ ਲਈ ਵੀ ਸਰਕਾਰ ਪ੍ਰੇਰਿਤ ਕਰ ਰਹੀ ਹੈ। ਵਿਸ਼ਵ ਦਾ ਸਭ ਤੋਂ ਵੱਡਾ 19.50 ਮੈਗਾਵਾਟ ਦਾ ਰੂਫਟੋਪ ਸੌਰ ਊਰਜਾ ਉਤਪਾਦਨ ਪਲਾਂਟ ਡੇਰਾ ਬਿਆਸ ਵਿੱਚ ਚਾਲੂ ਕੀਤਾ ਗਿਆ ਹੈ। ਇਸ ਪਲਾਂਟ ਤੋਂ ਤਿਆਰ ਹੋਣ ਵਾਲੀ ਬਿਜਲੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਵੇਚੀ ਜਾ ਰਹੀ ਹੈ। 60.5 ਮੈਗਾਵਾਟ ਸ਼ਕਤੀ ਸਮਰੱਥਾ ਦੇ ਕੁੱਲ 14 ਹੋਰ ਛੱਤ ਸੌਰ ਊਰਜਾ ਪਲਾਂਟ ਬਣ ਕੇ ਤਿਆਰ ਹਨ। ਭਾਰਤ ਦਾ ਦੂਜਾ ਵੱਡਾ ਛੱਤ ਸੌਰ ਊਰਜਾ ਪਲਾਂਟ (2 ਮੈਗਾਵਾਟ ਸਮਰੱਥਾ) ਮੋਹਾਲੀ ਦੀ ਨਵੀਂ ਸਬਜ਼ੀ ਮੰਡੀ ਵਿੱਚ ਲਗਾਇਆ ਗਿਆ ਹੈ। ਇਸ ਤੋਂ ਇਲਾਵਾ 12.9 ਮੈਗਾਵਾਟ ਸੌਰ ਸ਼ਕਤੀ ਪਲਾਂਟਾਂ ਤੋਂ ਨੈਟ ਮੀਟਰਿੰਗ ਪ੍ਰਣਾਲੀ ਰਾਹੀਂ 400 ਦੇ ਕਰੀਬ ਘਰਾਂ, ਸਕੂਲਾਂ, ਸਨਅਤ ਆਦਿ ਨੂੰ ਬਿਜਲੀ ਸਪਲਾਈ ਹੋ ਰਹੀ ਹੈ। ਪੰਜਾਬ ਦੇ ਵੱਖ-2 ਜ਼ਿਲ੍ਹਿਆਂ ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ, ਮਾਨਸਾ, ਮੁਕਤਸਰ, ਅੰਮ੍ਰਿਤਸਰ, ਪਟਿਆਲਾ ਆਦਿ ਵਿੱਚ ਵੀ ਸੌਰ ਊਰਜਾ ਪ੍ਰੋਜੈਕਟ ਲੱਗ ਰਹੇ ਹਨ। ਪੰਜਾਬ ਦੀਆਂ ਦੋ ਪ੍ਰਮੁੱਖ ਨਹਿਰਾਂ ਦੇ ਕੰਢਿਆਂ-ਉੱਪਰਲੇ ਹਿੱਸਿਆਂ ਤੇ ਵੀ ਸੌਰ ਸੈੱਲਾਂ ਦੇ ਪੈਨਲ ਲਗਾਏ ਗਏ ਹਨ।


ਕੁੱਲ 5 ਮੈਗਾਵਾਟ ਸੌਰ ਸ਼ਕਤੀ ਦੇ ਇਹ ਪ੍ਰੋਜੈਕਟ ਸਿੱਧਵਾਂ ਬਰਾਂਚ ਨਹਿਰ, ਲੁਧਿਆਣਾ ਅਤੇ ਘੱਗਰ ਬਰਾਂਚ ਨਹਿਰ, ਪਟਿਆਲਾ ਵਿਖੇ ਸਥਾਪਿਤ ਕੀਤੇ ਗਏ ਹਨ। ਪੰਜਾਬ ਰਾਜ ਦਾ ਹੁਣ ਤੱਕ ਦਾ ਸੌਰ ਊਰਜਾ ਸ਼ਕਤੀ ਉਤਪਾਦਨ 895 ਮੈਗਾਵਾਟ ਹੈ, ਜਿਸਦੀ ਸਮੱਰਥਾ ਸੰਨ 2020ਤੱਕ 1000 ਮੈਗਾਵਾਟ ਤੋਂ ਵੀ ਵਧਣ ਦੀ ਸੰਭਾਵਨਾ ਹੈ।

(ਸੌਰ ਊਰਜਾ ਸ਼ਕਤੀ ਉਤਪਾਦਨ ਪਲਾਂਟਾਂ ਦੀਆਂ ਕਿਸਮਾਂ ਅਗਲੇ ਅੰਕ ਵਿੱਚ ਛਾਪ ਦਿੱਤੀਆਂ ਜਾਣਗੀਆਂ)।

**ਇੰਜੀ. ਸਤਬੀਰ ਸਿੰਘ, ਸੀਨੀਅਰ ਸਹਾਇਕ ਪ੍ਰੋਫੈਸਰ,**
**ਇਲੈਕਟ੍ਰਾਨਿਕ ਤਕਨੀਕੀ ਵਿਭਾਗ, ਗੁਰੂ ਨਾਨਕ ਦੇਵ**
**ਯੂਨੀਵਰਸਿਟੀ ਰਿਜ਼ਨਲ ਕੈਂਪਸ-ਗੁਰਦਾਸਪੁਰ।**
**ਮੋਬਾ ਨੰ. 98880-29401**

# ਸਾਕਾ ਸ੍ਰੀ ਨਨਕਾਣਾ ਸਾਹਿਬ

ਜੋਗਿੰਦਰ ਸਿੰਘ ਅਜੈਬ
ਕੋ-ਐਡੀਟਰ
98152-69145



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਨੀ-ਛਲਨੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੌਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ

ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ।

ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੯ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੁਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ।

ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ।

ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਰੀਤੀਆਂ ਤੋਂ ਕੁਰੀਤੀਆਂ

**ਸੰਤ ਸੇਵਾ ਸਿੰਘ ਰਾਮਪੁਰ ਖੇੜਾ ਸਾਹਿਬ**

## ਦਾਜ ਦਹੇਜ

ਦਾਜ ਦਹੇਜ ਦੀ ਲਾਹਨਤ ਇੰਨੀ ਪ੍ਰਧਾਨ ਹੋ ਚੁੱਕੀ ਹੈ ਕਿ ਲੜਕੇ ਵਾਲੇ ਲੜਕੀ ਦੇ ਮਾਂ-ਬਾਪ ਪਾਸੋਂ, ਲੋਭ-ਵਸ ਹੋ, ਦਾਜ ਦੇ ਰੂਪ ਵਿੱਚ ਵੱਡਮੁੱਲੀਆਂ ਵਸਤਾਂ ਅਤੇ ਮੋਟੀਆਂ ਰਕਮਾਂ ਦੀ ਮੰਗ ਕਰਦੇ ਹਨ। ਕੀ ਇਹ ਮਨੁੱਖਤਾ ਦੇ ਮੂੰਹ ਉੱਤੇ ਕਾਲਖ ਦਾ ਧੱਬਾ ਨਹੀਂ ਹੈ? ਜਿਹੜੀ ਬੱਚੀ ਦੇ ਮਾਂ-ਬਾਪ ਸਹੁਰੇ ਪਰਿਵਾਰ ਵੱਲੋਂ ਮੰਗੇ ਦਾਜ ਦੀ ਮੰਗ ਪੂਰੀ ਨਹੀਂ ਕਰ ਸਕਦੇ, ਉਨ੍ਹਾਂ ਦੀ ਬੱਚੀ ਨੂੰ ਤੰਗ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਾਂ ਫਿਰ ਉਸ ਨੂੰ ਉਸ ਦੇ ਜੀਵਨ ਦਾ ਹੱਕ ਖੋਹਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

ਬੱਚੀਆਂ ਦੀ ਇਹ ਦੁਰਦਸ਼ਾ ਕੇਵਲ ਸਹੁਰਿਆਂ ਦੇ ਘਰ ਵਿੱਚ ਹੀ ਕਿਉਂ ਹੁੰਦੀ ਹੈ, ਪੇਕੇ ਘਰ ਕਿਉਂ ਨਹੀਂ? ਉਚਾਰਨ ਦੀ ਲੋੜ ਹੈ। ਜਿਹੜਾ ਬੱਚਾ ਆਪਣੇ ਸਾਥੀ ਨੂੰ ਲੀੜਾ ਕੱਪੜਾ ਰੋਟੀ ਅਤੇ ਰਿਹਾਇਸ਼ ਨਹੀਂ ਦੇ ਸਕਦਾ, ਉਸ ਨੂੰ ਵਿਆਹ ਕਰਾਉਣ ਦਾ ਕੀ ਹੱਕ ਹੈ। ਦੂਸਰੇ, ਮੰਗਣਾ ਕੇਵਲ ਪ੍ਰਮੇਸ਼ਰ ਤੋਂ ਹੀ ਚਾਹੀਦਾ ਹੈ ਜੋ ਹਮੇਸ਼ਾ ਤੋਂ ਦੇਂਦਾ ਆ ਰਿਹਾ ਹੈ, ਦੇ ਰਿਹਾ ਹੈ ਅਤੇ ਦੇਵੇਗਾ। ਪ੍ਰਮਾਤਮਾ ਦੇ ਦੇਣ ਨਾਲ ਹੀ ਮਨੁੱਖ ਦੀ ਤ੍ਰਿਪਤੀ ਹੋ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿੱਚ ਫੁਰਮਾਨ ਹੈ:

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**
**ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥**

(**ਸੁਖਮਨੀ ਮ: 5, ਪੰਨਾ 281**)

ਇਕ ਹੋਰ ਗੱਲ ਵੀ ਵੀਚਾਰਨ ਨਾਲ ਸਬੰਧ ਰੱਖਦੀ ਹੈ ਜਿਹੜੇ ਮਾਂ-ਬਾਪ ਜਾਂ ਖੁਦ ਲੜਕਾ ਆਪਣੀ ਜੀਵਨ ਸਾਥਣ ਬਣੀ ਬੱਚੀ ਪਾਸੋਂ ਮੂੰਹ ਖੋਲ੍ਹ ਕੇ ਦਾਜ ਦੀ ਮੰਗ ਕਰਦੇ ਹਨ। ਆਉਣ ਵਾਲੇ ਸਮੇਂ ਵਿੱਚ, ਜੀਵਨ ਸਾਥੀ ਬਣੀ ਬੱਚੀ ਆਪਣੇ ਪਤੀ ਦੀ ਅਤੇ ਸਸ-ਸਹੁਰੇ ਦੀ ਕਦਾਚਿਤ ਵੀ ਸੇਵਾ ਨਹੀਂ ਕਰ ਸਕੇਗੀ ਅਤੇ ਨਾ ਹੀ ਸਹੁਰੇ ਪਰਿਵਾਰ ਨੂੰ ਐਸੀ ਆਸ ਹੀ ਰੱਖਣੀ ਚਾਹੀਦੀ ਹੈ। ਅੱਜ ਸੋਚਣ ਅਤੇ ਵੀਚਾਰਨ ਦੀ ਅਤੀ ਲੋੜ ਹੈ।

**ਭਰੂਣ ਹੱਤਿਆ** - ਬੱਚੀਆਂ ਦੀ ਇਹੋ ਜਿਹੀ ਦੁਰਦਸ਼ਾ ਹੁੰਦੀ ਵੇਖ ਕੇ ਅਤੇ ਦਾਜ-ਦਹੇਜ ਦੇ ਹਉਏ ਤੋਂ ਡਰ ਕੇ ਹੀ ਅੱਜ ਦਾ ਸਮਾਜ ਭਰੂਣ ਹੱਤਿਆ ਵਰਗੀਆਂ ਲਾਹਣਤਾਂ ਦੇ ਕਰਮ ਕਰਕੇ ਮਨੁੱਖਤਾ ਨੂੰ ਕਲੰਕਤ ਕਰ ਰਿਹਾ ਹੈ। ਇਸ ਭਰੂਣ ਹੱਤਿਆ ਦੇ ਪਾਪ ਕਰਮ ਨੂੰ ਕਰਨ ਲਈ ਨਾਰੀ ਹੀ ਨਾਰੀ ਦੀ ਦੁਸ਼ਮਣ ਬਣ ਕੇ ਇਹ ਕੰਮ ਕਰ ਰਹੀ ਹੈ। ਮਰਦ ਇਹ ਕੁਰੀਤੀ ਕਰਨ ਵਿੱਚ ਨਾਰੀ ਦਾ ਪੂਰਾ-ਪੂਰਾ ਸਾਥ ਦਿੰਦਾ ਹੈ। ਭ੍ਰੂਣ ਹੱਤਿਆ ਦਾ ਘੋਰ ਪਾਪ ਕਰਕੇ ਜਿੱਥੇ ਅਸੀਂ ਕੁਦਰਤ ਦੇ ਨਿਯਮ ਵਿੱਚ ਦਖਲ ਅੰਦਾਜੀ ਕਰਕੇ ਪਾਪ ਦੇ ਭਾਗੀ ਬਣ ਰਹੇ ਹਾਂ, ਉਥੇ ਲੜਕੀਆਂ ਦੀ ਜਨਮ-ਦਰ ਘੱਟਣ ਨਾਲ ਸਾਡਾ ਆਉਣ ਵਾਲਾ ਭਵਿੱਖ ਅਤਿ ਖਤਰੇ ਵਿੱਚ ਜਾਪ ਰਿਹਾ ਹੈ। ਅਸੀਂ ਕਿਸ ਦੰਡ ਦੇ ਭਾਗੀ ਬਣ ਰਹੇ ਹਾਂ? ਜਰਾ ਧਿਆਨ ਨਾਲ ਸੰਸਾਰ ਦੇ ਕਾਨੂੰਨ ਵੱਲ ਹੀ ਧਿਆਨ ਮਾਰੀਏ, ਜਿਹੜਾ ਮਨੁੱਖ ਕਿਸੇ ਦੇ ਜੀਵਨ-ਹੱਕ ਨੂੰ ਖੋਂਹਦਾ ਹੈ, ਉਸ ਮਨੁੱਖ ਪਾਸੋਂ ਇਸ ਘੋਰ ਅਪਰਾਧ ਬਦਲੇ ਉਸ ਦੇ ਜੀਵਨ ਦਾ ਹੱਕ ਵੀ ਖੋਹ ਲਿਆ ਜਾਂਦਾ ਹੈ।

ਕਈ ਵਾਰੀ ਮਨੁੱਖ ਚੋਰੀ ਛਿਪੇ, ਕਿਸੇ ਚਤੁਰਾਈ ਅਧੀਨ ਦੁਨੀਆਂ ਦੇ ਕਾਨੂੰਨ ਦੀ ਮਾਰ ਤੋਂ ਬਚ ਜਾਂਦਾ ਹੈ। ਪਰ ਯਾਦ ਰੱਖੋ ਪ੍ਰਮਾਤਮਾ ਦੀ ਨਿਗਾਹ ਅਤੇ ਕੁਦਰਤ ਦੇ ਕਾਨੂੰਨ ਤੋਂ ਕੋਈ ਨਹੀਂ ਬਚ ਸਕਦਾ। ਸਤਿਗੁਰ ਅਮਰਦਾਸ ਜੀ ਦਾ ਫੁਰਮਾਨ ਯਾਦ ਰੱਖਣਾ ਚਾਹੀਦਾ ਹੈ ਕਿ-

**ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ**
**ਹਰਿ ਦੀਵਾਣਹੁ ਕੋਈ ਕਿਥੈ ਜਾਇਆ ॥**

(**ਮ: 3, (ਪੰਨਾ 591**)

**ਉਹ ਪਰਮਾਤਮਾਂ ਤਾਂ ''ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ।''**

**ਆਸਾ ਮ : 3 (ਪੰਨਾ 429)**

ਦੀ ਸਤਿਆ ਦਾ ਮਾਲਕ ਹੈ। ਇਸ ਲਈ ਹਮੇਸ਼ਾ, ਪ੍ਰਭੂ ਪ੍ਰਮਾਤਮਾ ਦੀ ਹੋਂਦ ਹਸਤੀ ਤੋਂ ਡਰ ਕੇ, ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਦੇ, ਕੁਦਰਤ ਅਨੁਸਾਰੀ ਹੋ ਕੇ ਹੀ ਜੀਵਨ ਜਿਉਣਾ ਚਾਹੀਦਾ ਹੈ। ਕਾਦਰ ਅਤੇ ਕੁਦਰਤ ਤੋਂ ਬਾਗੀ ਹੋਵਾਂਗੇ, ਫਿਰ ਕਾਦਰ ਅਤੇ ਕੁਦਰਤ ਦੀ ਕਰੋਪੀ ਦਾ ਜ਼ਰੂਰ ਸ਼ਿਕਾਰ ਹੋਣਾ ਪਵੇਗਾ। ਬਹੁਤ ਹੀ ਸਾਵਧਾਨ ਹੋਣ ਦੀ ਅਵੱਸ਼ਕਤਾ ਹੈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਬੰਧ

ਕਿਰਪਾਲ ਸਿੰਘ ਰਿਸਰਚ ਸਕਾਲਰ



**ਈਸਟ ਇੰਡੀਆ ਕੰਪਨੀ ਬਾਬਤ ਸੰਖੇਪ ਜਾਣਕਾਰੀ** - ਯੂਰਪ ਵੱਲੋਂ ਹਿੰਦੁਸਤਾਨ ਵਿੱਚ ਸਭ ਤੋਂ ਪਹਿਲਾਂ ਪੁਰਤਗਾਲੀ ਆਏ। ਉਨ੍ਹਾਂ ਨੇ ਸੰਨ 1510 ਵਿੱਚ ਬੀਜਾਪੁਰ ਦੇ ਸੁਲਤਾਨ ਕੋਲੋਂ ਗੋਆ ਨਾਂ ਦੀ ਬੰਦਰਗਾਹ ਖੋਹ ਲਈ ਅਤੇ ਹੌਲੀ-ਹੌਲੀ ਬੰਬਈ, ਦਮਨ, ਦਿਓ, ਹੁਗਲੀ ਅਤੇ ਚਿਟਾਗਾਂਗ ਆਦਿ ਹਿੰਦੁਸਤਾਨੀ ਸਮੁੰਦਰੀ ਕੰਢਿਆਂ 'ਤੇ ਵਪਾਰਕ ਬਸਤੀਆਂ ਬਣਾ ਲਈਆਂ। ਉਨ੍ਹਾਂ ਨੂੰ ਬਹੁਤ ਮੁਨਾਫਾ ਕਮਾਉਂਦਿਆਂ ਵੇਖ ਕੇ ਯੂਰਪ ਦੀਆਂ ਦੂਜੀਆਂ ਪ੍ਰਮੁੱਖ ਕੌਮਾਂ ਜਿਵੇਂ ਅੰਗਰੇਜ਼, ਡੱਚ ਅਤੇ ਫਰਾਂਸੀਸੀ ਆਦਿ ਦੇ ਮੂੰਹਾਂ ਵਿੱਚੋਂ ਵੀ ਲਾਰਾਂ ਵਗਣ ਲੱਗ ਪਈਆਂ। ਭਾਰਤੀ ਮਸਲਿਆਂ ਦੀ ਮੰਗ ਇਨ੍ਹਾਂ ਦੇਸ਼ਾਂ ਵਿੱਚ ਬਹੁਤ ਜ਼ਿਆਦਾ ਸੀ ਅਤੇ ਉਸ ਜ਼ਮਾਨੇ ਵਿੱਚ ਭਾਰਤੀ ਕਾਲੀ ਮਿਰਚ ਦਾ ਭਾਅ ਕਈ ਵਾਰ ਸੋਨੇ ਦੇ ਮੁੱਲ ਤੋਂ ਵੀ ਜ਼ਿਆਦਾ ਹੋ ਜਾਂਦਾ ਸੀ। ਇਸ ਤੋਂ ਇਲਾਵਾ ਇਥੋਂ ਹੱਥ ਖੱਡੀ ਦਾ ਬਣਿਆ ਸੂਤੀ ਕੱਪੜਾ, ਗਲੀਚੇ, ਕੰਬਲ, ਨੀਲ ਅਤੇ ਗਿਰੀ ਮੇਵੇ ਯੂਰਪ ਦੀਆਂ ਕੌਡੀਆਂ ਦੇ ਭਾਅ ਮਿਲਦੇ ਸਨ।

ਹਿੰਦੁਸਤਾਨ ਵਿੱਚ ਵਪਾਰ ਕਰਨ ਆਈ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਸੰਨ 1600 ਵਿੱਚ ਕੀਤੀ ਗਈ। ਸ਼ੁਰੂ ਵਿੱਚ ਇਸ ਦੇ 125 ਸ਼ੇਅਰ ਧਾਰਕ (ਮਾਲਕ ਮੈਂਬਰ) ਸਨ ਅਤੇ ਇਸ ਦਾ ਕੁਲ ਸਰਮਾਇਆ ਸਿਰਫ 70,000 (ਸੱਤਰ ਹਜ਼ਾਰ ਪੌਂਡ) ਸੀ। ਵਪਾਰੀਆਂ ਦੇ ਇਸ ਛੋਟੇ ਜਿਹੇ ਦਲ ਵੱਲੋਂ ਸੰਨ 1608 ਵਿੱਚ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿੱਚ ਕੈਪਟਨ ਵਿਲੀਅਮ ਹਾਕਿੰਨਜ਼ ਨਾਂ ਦੇ ਇਕ ਚਲਾਕ ਵਿਅਕਤੀ ਨੂੰ ਯੂਰਪ ਦੇ ਬੇਸ਼ਕੀਮਤੀ ਤੋਹਫੇ ਦੇ ਕੇ ਭੇਜਿਆ ਗਿਆ ਸੀ। ਉਸ ਨੇ ਬੜੀ ਹੁਸ਼ਿਆਰੀ ਨਾਲ ਸੂਰਤ ਦੀ ਬੰਦਰਗਾਹ ਉੱਤੇ ਵਪਾਰ ਅਤੇ ਫੈਕਟਰੀ ਲਈ ਸਰਕਾਰੀ ਰਿਆਇਤਾਂ ਲੈ ਲਈਆਂ। ਇਸ ਤੋਂ ਪਿੱਛੋਂ ਅੰਗਰੇਜ਼ ਕਦਮ-ਕਦਮ ਅੱਗੇ ਵਧਦੇ ਗਏ। ਸੰਨ 1661 ਵਿੱਚ ਫਰਾਂਸੀਸੀਆਂ ਨੂੰ ਬੰਬਈ ਵਿੱਚੋਂ ਕੱਢਣ ਤੋਂ ਬਾਅਦ ਇਨ੍ਹਾਂ ਕਲਕੱਤੇ ਸ਼ਹਿਰ ਦੀ ਸਥਾਪਨਾ ਕੀਤੀ ਕਿਉਂਕਿ ਇਹ ਗੰਗਾ ਦਰਿਆ ਦੇ ਮੁਹਾਨੇ 'ਤੇ ਵਪਾਰ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਜਾਣ ਗਏ ਸਨ। ਇਥੇ ਇਨ੍ਹਾਂ ਨੇ ਸੰਨ 1690 ਵਿੱਚ ਵਿਲੀਅਮ ਨਾਂ ਦਾ ਇਕ ਕਿਲ੍ਹਾ ਬਣਵਾਇਆ। ਭਾਰਤ ਵਿੱਚ ਅੰਗਰੇਜ਼ਾਂ ਦਾ ਇਹ ਪਹਿਲਾ ਸੈਨਿਕ ਅੱਡਾ ਸੀ।

ਦੱਖਣ ਵਿੱਚ ਕੰਪਨੀ ਨੇ ਸੰਨ 1625 ਵਿੱਚ ਮਛਲੀਪਟਨਮ ਅਤੇ ਨੀਲੌਰ ਆਦਿ ਜ਼ਿਲ੍ਹਿਆਂ ਵਿੱਚ ਵਪਾਰੀਆਂ ਦੀ ਸੁਰੱਖਿਆ ਲਈ ਚੰਦਰਗਿਰੀ ਦੇ ਰਾਜੇ ਪਾਸੋਂ ਰੇਤਲੀ ਜ਼ਮੀਨ ਦਾ ਇਕ ਟੁਕੜਾ ਕਿਰਾਏ 'ਤੇ ਹਾਸਲ ਕੀਤਾ ਅਤੇ ਉਥੇ ਫੋਰਟ ਸੇਂਟ ਜਾਰਜ ਨਾਂ ਦਾ ਕਿਲ੍ਹਾ ਬਣਵਾਇਆ ਅਤੇ ਮਦਰਾਸ ਸ਼ਹਿਰ ਦੀ ਨ3ਹ ਰੱਖੀ। ਇਸ ਤਰ੍ਹਾਂ ਅੰਗਰੇਜ਼ਾਂ ਨੇ ਜਿਥੇ ਵੀ ਵਪਾਰਕ ਕੇਂਦਰ ਬਣਾਏ ਉੱਥੇ-ਉੱਥੇ ਇਨ੍ਹਾਂ ਦੀ ਰੱਖਿਆ ਦੇ ਬਹਾਨੇ ਛੋਟੀਆਂ-ਛੋਟੀਆਂ ਫੌਜਾਂ ਰੱਖ ਲਈਆਂ ਅਤੇ ਕਿਲ੍ਹੇ ਬਣਾ ਲਏ। ਹੁਣ ਆਪੋ ਆਪਣੇ ਵਪਾਰਕ ਫਾਇਦਿਆਂ ਖਾਤਰ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੇ ਹਿੰਦੁਸਤਾਨ ਦੇ ਛੋਟੇ-ਛੋਟੇ ਅਤੇ ਕਮਜ਼ੋਰ ਰਾਜਿਆਂ ਅਤੇ ਨਵਾਬਾਂ ਪਾਸੋਂ ਕਈ ਤਰ੍ਹਾਂ ਦੇ ਜ਼ਮੀਨੀ, ਮਾਲੀ ਅਤੇ ਰਾਜਸੀ ਅਖਤਿਆਰ, ਪੈਸੇ ਦੇ ਲਾਲਚ ਅਤੇ ਉਨ੍ਹਾਂ ਵਿਚਲੀ ਆਪਸੀ ਖਹਿਬਾਜ਼ੀ ਨੂੰ ਵਧਾ ਕੇ ਹਾਸਲ ਕਰ ਲਏ। ਵਕਤ ਆਉਣ 'ਤੇ ਅੰਗਰੇਜ਼ਾਂ ਨੇ ਆਪਣੀ ਫੌਜੀ ਤਾਕਤ ਨਾਲ ਫਰਾਂਸੀਸੀਆਂ ਨੂੰ ਇਥੇ ਟਿਕਣ ਨਾ ਦਿੱਤਾ ਅਤੇ ਇਸ ਦੀ ਵਰਤੋਂ ਹੁਣ ਦੇਸੀ ਰਿਆਸਤਾਂ 'ਤੇ ਕਰਨ ਲੱਗੇ ਜਿਸ ਵਿੱਚ ਉਨ੍ਹਾਂ ਨੂੰ ਹਰ ਪਾਸੇ ਕਾਮਯਾਬੀ ਮਿਲੀ। ਤੀਰਾਂ ਅਤੇ ਤਲਵਾਰਾਂ ਨਾਲ ਲੜਨ ਵਾਲੇ ਭਾਰਤੀ ਜੋਧੇ ਅੰਗਰੇਜ਼ਾਂ ਦੀਆਂ ਕਾਰਬਾਈਨਾਂ ਅਤੇ ਆਧੁਨਿਕ ਤੋਪਾਂ ਸਾਹਮਣੇ ਕਿਸ ਤਰ੍ਹਾਂ ਟਿਕ ਸਕਦੇ ਸਨ। ਉਦਾਹਰਣ ਦੇ ਤੌਰ 'ਤੇ ਅਸੀਂ ਪਲਾਸੀ ਦੀ ਲੜਾਈ (ਸੰਨ 1757) ਦਾ ਜ਼ਿਕਰ ਕਰਦੇ ਹਾਂ ਜਿਸ ਵਿੱਚ ਅੰਗਰੇਜ਼ਾਂ ਵੱਲੋਂ ਲਾਰਡ ਕਲਾਈਵ ਸਿਰਫ ਤਿੰਨ ਹਜ਼ਾਰ ਫੌਜੀਆਂ ਅਤੇ ਕੁਝ ਹਲਕੀਆਂ ਤੋਪਾਂ ਨਾਲ ਬੰਗਾਲ ਦੇ ਨਵਾਬ ਸਿਰਾਜੁਦੌਲਾ ਦੀ ਸੱਤਰ ਹਜ਼ਾਰ ਫੌਜ ਸਾਹਮਣੇ ਲੜਿਆ। ਨਵਾਬ ਦੀ ਸਾਰੀ ਫੌਜ ਅੰਗਰੇਜ਼ਾਂ ਅੱਗੇ ਲਗ ਕੇ ਭੱਜ ਉੱਠੀ। ਇਸ ਵਿੱਚ ਨਵਾਬ ਦੇ ਹਜ਼ਾਰਾਂ ਜਵਾਨ ਮਾਰੇ ਗਏ ਪਰ ਅੰਗਰੇਜ਼ਾਂ ਦੇ ਕੇਵਲ

ਵੀਹ ਜਵਾਨ ਹੀ ਮਰੇ ਅਤੇ ਪੰਜਾਹ ਜ਼ਖਮੀ ਹੋਏ। ਇਹ ਅਨੁਸ਼ਾਸਿਤ ਫੌਜ ਅਤੇ ਵਧੀਆ ਫੌਜੀ ਹਥਿਆਰਾਂ ਦਾ ਹੀ ਕਮਾਲ ਸੀ।

ਅੰਗਰੇਜ਼ ਬਿਹਤਰ ਫੌਜੀ ਤਾਕਤ ਅਤੇ 'ਪਾੜੋ ਅਤੇ ਰਾਜ ਕਰੋ' ਦੀ ਮਕਾਰ ਨੀਤੀ ਰਾਹੀਂ ਸੰਨ 1800 ਤੱਕ ਹਿੰਦੁਸਤਾਨ ਦੇ ਇਕ ਤਿਹਾਈ ਹਿੱਸੇ ਦੇ ਮਾਲਕ ਬਣ ਗਏ। ਉਦੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਵਿੱਚ ਛੋਟੇ ਜਿਹੇ ਇਲਾਕੇ 'ਤੇ ਕਾਬਜ਼ ਹੋ ਕੇ ਖਾਲਸਾਈ ਹਕੂਮਤ ਦੇ ਇਲਾਕਿਆਂ ਵਿੱਚ ਵਾਧਾ ਕਰ ਰਿਹਾ ਸੀ। ਇਸ ਸਮੇਂ ਸਤਲੁਜ ਅਤੇ ਯਮੁਨਾ ਦਰਿਆਵਾਂ ਦਰਮਿਆਨ ਸਥਿਤ ਸਾਰੀਆਂ ਛੋਟੀਆਂ-ਛੋਟੀਆਂ ਰਿਆਸਤਾਂ ਅੰਗਰੇਜ਼ਾਂ ਅਤੇ ਵਾਰੋ-ਵਾਰੀ ਗੋਡੇ ਟੇਕ ਕੇ ਉਨ੍ਹਾਂ ਦੀ ਗੁਲਾਮੀ ਕਬੂਲ ਕਰ ਚੁੱਕੀਆਂ ਸਨ। ਇਨ੍ਹਾਂ ਵਿੱਚ ਪੰਜਾਬ ਦੀਆਂ ਫੂਲਕੀਆ ਰਿਆਸਤਾਂ ਪ੍ਰਮੁੱਖ ਸਨ। ਇਨ੍ਹਾਂ ਨੇ ਅੰਗਰੇਜ਼ਾਂ ਨੂੰ ਆਪਣੇ ਇਲਾਕੇ ਫੌਜੀ ਅੱਡਿਆਂ ਦੇ ਤੌਰ 'ਤੇ ਵਰਤਣ ਦੀ ਖੁੱਲ੍ਹ ਦੇ ਦਿੱਤੀ ਹੋਣੀ ਸੀ। ਇਸ ਤਰ੍ਹਾਂ ਅੰਗਰੇਜ਼ਾਂ ਦਾ ਰਾਜਨੀਤਿਕ ਪ੍ਰਭਾਵ ਮਹਾਰਾਜਾ ਰਣਜੀਤ ਸਿੰਘ ਉੱਤੇ ਪੈਣਾ ਲਾਜ਼ਮੀ ਹੋ ਗਿਆ ਸੀ।

ਜਿਸ ਤਰ੍ਹਾਂ ਸੰਨ 1800 ਤੱਕ ਈਸਟ ਇੰਡੀਆ ਕੰਪਨੀ, ਜਿਸ ਨੇ ਬੰਗਾਲ ਤੋਂ ਲੈ ਕੇ ਮਦਰਾਸ ਤੱਕ ਦਾ ਸਾਰਾ ਪੂਰਬੀ ਸਮੁੰਦਰੀ ਤੱਟ, ਇਸ ਦੇ ਨਾਲ ਲੱਗਦੇ ਪ੍ਰਦੇਸ਼ ਦੱਖਣ ਵਿੱਚ ਸਾਰੇ ਸਮੁੰਦਰੀ ਕੰਢੇ ਤੇ ਖੇਤਰ ਸਮੇਤ ਕੇਰਲ, ਦੇਸ਼ ਦੇ ਧੁਰ ਅੰਦਰ ਗੰਗਾ-ਯਮੁਨਾ ਦੁਆਬ ਦਾ ਵਿਸ਼ਾਲ ਇਲਾਕਾ, ਰਾਜਪੂਤਾਨਾ ਅਤੇ ਦਿੱਲੀ ਦੇ ਆਸ-ਪਾਸ ਦੇ ਬਹੁਤ ਵੱਡੇ ਖੇਤਰ 'ਤੇ ਕਬਜ਼ਾ ਕਰ ਲਿਆ ਸੀ ਅਤੇ ਹੁਣ ਉਸ ਦਾ ਅਗਲਾ ਨਿਸ਼ਾਨਾ ਅਵਧ ਦਾ ਰਾਜ ਸੀ। ਅਵਧ ਅੰਗਰੇਜ਼ਾਂ ਵਾਸਤੇ ਟੇਢੀ ਖੀਰ ਬਣ ਚੁੱਕਾ ਸੀ। ਕਿਉਂਕਿ ਰਾਜਨੀਤਿਕ ਤੌਰ ਤੇ ਇਹ ਇਲਾਕਾ ਉਨ੍ਹਾਂ ਵਾਸਤੇ ਬਹੁਤ ਮਹੱਤਵਪੂਰਨ ਸੀ ਅਤੇ ਉਹ ਇਸ ਉੱਤੇ ਆਪਣਾ ਅਧਿਕਾਰ ਜਮਾਉਣਾ ਚਾਹੁੰਦੇ ਸਨ। ਸ਼ਾਹ ਆਲਮ ਨੇ ਆਪਣੇ ਪਿਛਲੇ ਹਮਲੇ (ਸੰਨ 1798) ਸਮੇਂ ਅਵਧ ਦੇ ਨਵਾਬ ਅਤੇ ਈਸਟ ਇੰਡੀਆ ਕੰਪਨੀ ਨੂੰ ਤਾਕੀਦ ਕੀਤੀ ਕਿ ਉਹ ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ ਦਿੱਲੀ ਦਾ ਤਖ਼ਤ ਮੁੜ ਹਾਸਲ ਕਰਵਾਉਣ ਵਿੱਚ ਮੱਦਦ ਕਰਨ ਅਤੇ ਉਸ ਨੂੰ ਮਰਹੱਟਿਆਂ ਦੀ ਮਾਰ ਤੋਂ ਬਚਾਅ ਕੇ ਰੱਖਣ। ਅੰਗਰੇਜ਼ ਇਸ ਤਰ੍ਹਾਂ ਦੀ ਤਾਕੀਦ ਨੂੰ ਧਮਕੀ ਅਤੇ ਆਪਣੇ ਸਾਮਰਾਜ ਲਈ ਬਹੁਤ ਵੱਡਾ ਖਤਰਾ ਸਮਝਦੇ ਸਨ ਪਰ ਉਨ੍ਹਾਂ ਨੂੰ ਉਦੋਂ ਸੁਖ ਦਾ ਸਾਹ ਆਇਆ ਜਦੋਂ ਸ਼ਾਹ ਆਲਮ ਲਾਹੌਰ ਛੱਡ ਕੇ ਕਾਹਲੀ-ਕਾਹਲੀ ਆਪਣੇ ਦੇਸ਼ ਕਾਬੁਲ ਵਿੱਚ ਵਾਪਸ ਮੁੜ ਗਿਆ। ਉਥੇ ਸੰਨ 1800 ਵਿੱਚ ਉਸ ਦੇ ਇਕ ਭਰਾ ਨੇ ਉਸ ਨੂੰ ਅੰਨ੍ਹਾ ਕਰ ਦਿੱਤਾ ਅਤੇ ਗੱਦੀਓਂ ਲਾਹ ਦਿੱਤਾ। (ਸ਼ਾਹ ਆਲਮ ਨੇ ਆਪਣੀ ਬਾਕੀ ਰਹਿੰਦੀ ਉਮਰ ਅੰਗਰੇਜ਼ਾਂ ਤਹਿਤ ਇਲਾਕੇ ਵਿੱਚ ਜਲਾਵਤਨੀ ਦੇ ਰੂਪ ਵਿੱਚ ਬਿਤਾਈ।) ਸ਼ਾਹ ਆਲਮ ਦੇ ਵਾਪਸ ਜਾਣ ਤੋਂ ਬਾਅਦ ਮਹਾਰਾਜਾ ਰਣਜੀਤ ਸਿਘ ਦੀਆਂ ਜਿੱਤਾਂ ਦਾ ਸਿਲਸਿਲਾ ਹੋਰ ਤੇਜ਼ ਹੋਣ ਲੱਗਾ ਤਾਂ ਅੰਗਰੇਜ਼ਾਂ ਨੇ ਉਸ ਦੀ ਵਧਦੀ ਹੋਈ ਤਾਕਤ ਵੇਖਦਿਆਂ ਆਪਣੀਆਂ ਭਵਿੱਖ ਦੀਆਂ ਬਣਾਈਆਂ ਵਿਸਥਾਰਵਾਦੀ ਯੋਜਨਾਵਾਂ 'ਤੇ ਪਾਣੀ ਫਿਰਦਾ ਦੱਸਿਆ। ਅਸਲ ਵਿੱਚ ਉਹ ਆਪਣੇ ਸਾਮਰਾਜ ਨੂੰ ਪਿਸ਼ਾਵਰ ਤੋਂ ਵੀ ਅੱਗੇ ਫੈਲਾਉਣਾ ਚਾਹੁੰਦੇ ਸਨ। ਉਦੋਂ ਡਿਊਕ ਆਫ਼ ਵਲਿੰਗਟਨ (ਲਾਰਡ ਆਰਥਰ ਵੈਲਜ਼ਲੀ) ਦਾ ਤਾਂ ਇਥੋਂ ਤੱਕ ਵਿਚਾਰ ਸੀ ਕਿ ਹਿੰਦੁਸਤਾਨ ਦੇਸ਼ ਦੇ ਕੋਈ ਹੱਦ ਬੰਨੇ ਹੀ ਨਹੀਂ ਸਨ। ਉਸ ਦਾ ਇਹ ਵਿਚਾਰ ਸੀ ਕਿ ਅੰਗਰੇਜ਼ ਜਾਂ ਤਾਂ ਸਾਰੇ ਹਿੰਦੁਸਤਾਨ 'ਤੇ ਕਬਜ਼ਾ ਕਰ ਲੈਣ, ਨਹੀਂ ਤਾਂ ਇਥੋਂ ਛੇਤੀ ਹੀ ਵਾਪਸ ਜਾਣ ਵਾਸਤੇ ਤਿਆਰ ਰਹਿਣ। ਕਬਜ਼ੇ ਦੀ ਭਾਵਨਾ ਤਹਿਤ ਕੰਮ ਕਰਦਿਆਂ ਉਸ ਨੇ ਆਪਣੇ ਛੇ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ, ਸਿੰਧ, ਰਾਜਪੂਤਾਨਾ ਅਤੇ ਮਾਰਵਾੜ ਨੂੰ ਛੱਡ ਕੇ ਬਾਕੀ ਸਾਰੇ ਹਿੰਦੁਸਤਾਨ 'ਤੇ ਅੰਗਰੇਜ਼ੀ ਝੰਡਾ ਗੱਡ ਦਿੱਤਾ ਸੀ। ਇਧਰ ਮਹਾਰਾਜਾ ਰਮਜੀਤ ਸਿੰਘ ਸੰਨ 1800 ਤੱਕ ਪੰਜਾਬ ਵਿੱਚੋਂ ਸਾਰੀਆਂ ਛੋਟੀਆਂ-ਛੋਟੀਆਂ ਸਿੱਖ ਮਿਸਲਾਂ ਖਤਮ ਕਰ ਚੁੱਕਾ ਸੀ ਅਤੇ ਉਹ ਹੁਣ ਸਤਲੁਜ ਪਾਰਲੀਆਂ ਫੂਲਕੀਆ ਰਿਆਸਤਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਖਾਲਸਾ ਰਾਜ ਦੇ ਝੰਡੇ ਦਰਿਆ ਜਮੁਨਾ ਤੱਕ ਲਹਿਰਾਉਣਾ ਚਾਹੁੰਦਾ ਸੀ। ਅੰਗਰੇਜ਼ ਵੀ ਆਪਣਾ ਸਾਮਰਾਜ ਅਫ਼ਗਾਨਿਸਤਾਨ ਤੱਕ ਕਾਇਮ ਕਰਨਾ ਚਾਹੁੰਦੇ ਸਨ। ਮੁਗ਼ਲ ਸਾਮਰਾਜ ਦੇ ਪਤਨ ਉਪ੍ਰੰਤ ਜਿਸ ਤਰ੍ਹਾਂ ਹਿੰਦੁਸਤਾਨ ਦੀਆਂ ਦੇਸੀ ਰਿਆਸਤਾਂ ਅੰਗਰੇਜ਼ਾਂ ਦੀ ਫ਼ੌਜੀ ਤਾਕਤ ਅੱਗੇ ਟਿਕ ਨਾ ਸਕੀਆਂਸ਼ ਉਸ ਤੋਂ ਅੰਗਰੇਜ਼ਾਂ ਦਾ ਮਨੋਬਲ ਇਤਨਾ ਮਜ਼ਬੂਤ ਹੋ ਗਿਆ ਕਿ ਉਹ ਸਾਰੇ ਹਿੰਦੁਸਤਾਨ ਉੱਤੇ ਅੰਗਰੇਜ਼ੀ ਝੰਡਾ ਗੱਡਣ ਦੀਆਂ ਸਕੀਮਾਂ ਹੁਣ ਤੋਂ ਹੀ ਬਣਾਉਣ ਲੱਗੇ। ਖਾਸ ਕਰਕੇ ਟੀਪੂ ਸੁਲਤਾਨ ਦੇ ਖਾਤਮੇ ਤੋਂ ਬਾਅਦ ਤਾਂ ਉਹ ਹਿੰਦੁਸਤਾਨੀ ਰਿਆਸਤਾਂ ਦੀਆਂ ਫੌਜਾਂ ਨੂੰ ਭੇਡਾਂ, ਬੱਕਰੀਆਂ ਦੇ ਇਕੱਠ ਨਾਲ ਤੁਲਨਾ ਦੇਣ ਲੱਗੇ।

**ਅੰਗਰੇਜ਼ੀ ਦੂਤ ਮੀਰ ਯੂਸਫ ਦਾ ਲਾਹੌਰ ਵਿੱਚ ਆਉਣਾ** - ਅੰਗਰੇਜ਼ਾਂ ਦੀ ਪਸਾਰਵਾਦੀ ਸੋਚ ਮੁਤਾਬਿਕ ਰਣਜੀਤ ਸਿੰਘ ਆਪਣੇ ਵਸੀਲਿਆਂ ਤੋਂ ਕਿਤੇ ਵੱਧ ਸਫਲਤਾਵਾਂ ਹਾਸਿਲ ਕਰ ਰਿਹਾ ਸੀ ਅਤੇ ਉਨ੍ਹਾਂ ਨੇ ਰਣਜੀਤ ਸਿੰਘ ਦੀਆਂ ਜਿੱਤਾਂ ਨੂੰ ਬਹੁਤ ਗੰਭੀਰਤਾ ਨਾਲ ਲਿਆ। ਹੁਣ ਉਨ੍ਹਾਂ ਦਾ ਅਗਲਾ ਨਿਸ਼ਾਨਾ ਦਰਿਆ ਸਤਲੁਜ ਦੇ ਪਾਰਲੇ ਇਲਾਕੇ ਅਤੇ ਸਿੰਧ ਦਰਿਆ ਦਾ ਇਲਾਕਾ ਸੀ। ਉਨ੍ਹਾਂ ਪੰਜਾਬ ਅਤੇ ਸਰਹੱਦੀ ਸੂਬਿਆਂ ਦੇ ਹਾਲਾਤ ਚੰਗੀ ਤਰ੍ਹਾਂ ਜਾਣਨ ਵਾਸਤੇ, ਇਨ੍ਹਾਂ ਇਲਾਕਿਆਂ ਦੇ ਸਿਆਸੀ ਅਤੇ ਭੂਗੋਲਿਕ ਹਾਲਤਾਂ ਦੇ ਭੇਤੀ ਆਦਮੀ ਮੀਰ ਯੂਸਫ ਅਲੀ ਨੂੰ ਸੰਨ 1800 ਦੇ ਆਰੰਭ ਵਿੱਚ ਰਣਜੀਤ ਸਿੰਘ ਦੇ ਪਾਸ 'ਸਦਭਾਵਨਾ ਮਿਸ਼ਨ' ਦੇ ਤੌਰ 'ਤੇ ਭੇਜਿਆ। ਆਉ, ਅਸੀਂ ਮੀਰ ਯੂਸਫ ਅਲੀ ਦੇ ਲਾਹੌਰ ਦੇ ਦੌਰੇ ਤੋਂ ਪਹਿਲਾਂ ਹਿੰਦੁਸਤਾਨ ਵਿੱਚ ਅਠਾਰ੍ਹਵੀਂ ਸਦੀ ਦੇ ਅਖੀਰਲੇ ਪੰਜ ਛੇ ਸਾਲਾਂ ਦੌਰਾਨ ਤੇਜ਼ੀ ਨਾਲ ਵਾਪਰੇ ਰਾਜਨੀਤਿਕ ਘਟਨਾਕ੍ਰਮ ਉੱਤੇ ਇਕ ਝਾਤ ਮਾਰ ਲਈਏ। ਸੰਨ 1794 ਤੱਕ ਹਿੰਦੁਸਤਾਨ ਵਿੱਚ ਮੌਜੂਦ ਬਹੁਤੇ ਪ੍ਰਭਾਵਸ਼ਾਲੀ ਨੇਤਾਵਾਂ ਦੀ ਮੌਤ ਹੋ ਚੁੱਕੀ ਸੀ। ਨਿਜ਼ਾਮ ਹੈਦਰਾਬਾਦ ਮਜਬੂਰਨ ਹੁਣ ਅੰਗਰੇਜ਼ਾਂ ਦੇ ਸਹਾਰੇ ਪੈਨਸ਼ਨ 'ਤੇ ਗੁਜ਼ਾਰਾ ਕਰਕੇ ਜ਼ਿਲਤ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਅਹਿਲਿਆ ਬਾਈ ਦੀ ਮੌਤ ਸੰਨ 1795 ਵਿੱਚ ਹੋ ਗਈ ਅਤੇ ਉਸ ਦਾ ਸੈਨਾਪਤੀ ਤੁਕੋਜੀ ਹੋਲਕਰ ਸੰਨ 1797 ਵਿੱਚ ਚਲ ਵਸਿਆ। ਮਹਾਂਦਾ ਜੀ ਸਿੰਧੀਆ, ਜਿਸ ਨੇ ਅੰਗਰੇਜ਼ਾਂ (ਵਾਰਨ ਹੇਸਟਿੰਗ) ਨਾਲ ਦੋਸਤੀ ਗੰਢ ਲਈ ਸੀ, ਸੰਨ 1794 ਵਿੱਚ ਮਰ ਗਿਆ। ਨਵਾਂ ਸਿੰਧੀਆ ਮੁਖੀ ਦੌਲਤ ਰਾਓ, ਜਸਵੰਤ ਰਾਓ ਹੋਲਕਰ ਨਾਲੋਂ ਘੱਟ ਤਾਕਤ ਵਾਲਾ ਸੀ।

**ਚਲਦਾ.....**

# ਆਓ ਜਾਣੀਏ !

- ਸੰਪਾਦਕ

1. ਪਾਣੀਪਤ ਦੀ ਤੀਜੀ ਲੜਾਈ 'ਚ ਮਰਾਠਿਆਂ ਦੀ ਅਗਵਾਈ ਕਿਸਨੇ ਕੀਤੀ?

   ੳ. ਬਾਲਾ ਜੀ ਬਾਜੀ ਰਾਉ — ਅ. ਸ਼ੰਭਾ ਜੀ

   ੲ. ਮਲਹਾਰ ਰਾਉ ਹੋਲਕਰ — ਸ. ਸਦਾ ਸ਼ਿਵ ਰਾਓ ਭਾਊ — (ਸ)

2. ਪਾਣੀਪਤ ਦੀ ਤੀਜੀ ਲੜਾਈ ਅਹਿਮਦ ਸ਼ਾਹ ਅਬਦਾਲੀ ਦੇ ਕਿਹੜੇ ਹਮਲੇ ਦੌਰਾਨ ਹੋਈ?

   ੳ. ਦੂਜਾ ਹਮਲਾ — ਅ. ਅੱਠਵਾਂ ਹਮਲਾ

   ੲ. ਪਹਿਲਾ ਹਮਲਾ — ਸ. ਪੰਜਵੇ ਹਮਲਾ — (ਸ)

3. ਪੰਜਾਬ ਦੇ ਉੱਤਰ ਪੱਛਮ 'ਤੇ ਸਥਿਤ ਦਰਿਆਵਾਂ ਵਿੱਚੋਂ ਸਭ ਤੋਂ ਜ਼ਿਆਦਾ ਵਿਦੇਸ਼ੀ ਕਿਸ ਦਰਿਆ ਰਾਹੀਂ ਆਏ?

   ੳ. ਖੋਬਰ — ਅ. ਕੁਰਮ

   ੲ. ਬੋਲਾਨ — ਸ. ਟੋਚੀ — (ੳ)

4. ਪਹਿਲੀ ਵਾਰ ਪੰਜਾਬ ਦੀ ਵੰਡ ਕਿਸ ਦੇ ਸਮੇਂ ਹੋਈ?

   ੳ. ਮਹਾਰਾਜਾ ਰਣਜੀਤ ਸਿੰਘ — ਅ. ਸ. ਜੱਸਾ ਸਿੰਘ ਆਹਲੂਵਾਲੀਆ

   ੲ. ਲਾਰਡ ਕਰਜਨ — ਸ. ਅਕਬਰ

5. ਦਸਮ ਗ੍ਰੰਥ ਦਾ ਸੰਕਲਨ ਕਿਸ ਨੇ ਕੀਤਾ ਸੀ?

   ੳ. ਭਾਈ ਬਾਲਾ ਜੀ — ਅ. ਭਾਈ ਮਨੀ ਸਿੰਘ

   ੲ. ਸ੍ਰੀ ਗੁਰੂ ਗੋਬਿੰਦ ਸਿੰਘ ਜੀ — ਸ. ਸੋਨਪਤ

## ਸਫ਼ਰ

1. ਜਹਾਜ਼ ਵਿੱਚ ਸਫ਼ਰ ਕਰਨ ਤੋਂ ਪਹਿਲਾਂ ਕੰਨਾਂ ਵਿੱਚ ਉਂਗਲਾਂ ਨਾਲ ਸਰ੍ਹੋਂ ਦਾ ਤੇਲ ਲਗਾਓ, ਇਸ ਨਾਲ ਜਹਾਜ਼ ਦੀ ਆਵਾਜ਼ ਕੰਨ ਦੇ ਪੜਦਿਆਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ।

2. ਸਫ਼ਰ ਚਾਹੇ ਕਾਰ ਜਾਂ ਬੱਸ, ਜਹਾਜ਼ ਕੋਈ ਥੋੜ੍ਹਾ ਜਾਂ ਜ਼ਿਆਦਾ ਲੰਬਾ ਸਫ਼ਰ ਹੋਵੇ, ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਓ। ਜ਼ਿਆਦਾਤਰ ਜੋ ਵੀ ਸਫ਼ਰ ਕਰਦੇ ਹਨ, ਉਨ੍ਹਾਂ ਨੂੰ ਪਿਸ਼ਾਬ ਲਾਲ ਰੰਗ ਦਾ ਆਉਂਦਾ ਹੈ, ਪਾਣੀ ਪੀਣ ਨਾਲ ਇਸ ਤਰ੍ਹਾਂ ਨਹੀਂ ਹੁੰਦਾ।

3. ਰੇਲ ਗੱਡੀ ਜਾਂ ਬੱਸ ਵਿੱਚ ਸਫ਼ਰ ਕਰਦੇ ਸਮੇਂ ਆਪਣਾ ਸਮਾਨ ਸਾਹਮਣੇ ਵਾਲੇ ਬਾਕਸ ਵਿੱਚ ਰੱਖੋ, ਚੋਰੀ ਨਹੀਂ ਹੋਵੇਗੀ ਤੇ ਤੁਹਾਡੀ ਹਰ ਵਕਤ ਅੱਖਾਂ ਦੀ ਨਿਗ੍ਹਾ ਉਥੇ ਜਾਵੇਗੀ।

4. ਸਫ਼ਰ ਕਰਦੇ ਸਮੇਂ ਆਪਣੇ ਹੈਂਡ ਬੈਗ ਤੇ ਅਟੈਚੀ ਉੱਤੇ ਆਪਣਾ ਐਡਰੈੱਸ ਤੇ ਟੈਲੀਫੋਨ ਨੰਬਰ ਜ਼ਰੂਰ ਲਿਖੋ।

5. ਸਫ਼ਰ ਕਰਦੇ ਸਮੇਂ ਅਣਪਛਾਤੇ ਵਿਅਕਤੀ ਤੋਂ ਕੁਝ ਲੈ ਕੇ ਨਾ ਖਾਉ ਤੇ ਨਾ ਕਿਸੇ ਦਾ ਸਮਾਨ ਫੜੋ, ਭਾਵੇਂ ਕਿੰਨਾ ਵੀ ਬਜ਼ੁਰਗ ਤੇ ਜੈਂਟਲਮੈਨ ਹੋਵੇ।

6. ਸਫ਼ਰ ਸਫਰ ਕਰਨ ਵੇਲੇ ਕਿਸੇ ਵੀ ਅਣਪਛਾਤੀ ਚੀਜ਼ ਨੂੰ ਹੱਥ ਨਾ ਲਗਾਓ।

7. ਅਗਰ ਸਫਰ ਕਰਦੇ ਸਮੇਂ ਦਿਲ ਕੱਚਾ ਹੋਵੇ ਜਾਂ ਉਲਟੀ ਆਉਣ ਨੂੰ ਦਿਲ ਕਰੇ ਤਾਂ ਸੀਟ 'ਤੇ ਅਖਬਾਰ ਵਿਛਾ ਕੇ ਬੈਠੋ, ਸੰਤਰਾ ਨਾਲ ਰੱਖੋ।

# ਨਸ਼ਿਆਂ ਦੀ ਦਲਦਲ

ਡਾ. ਰਜਿੰਦਰ ਸਿੰਘ



ਸਭਿਅਤਾ ਦਾ ਸੂਰਜ ਨਿਕਲਣ ਤੋਂ ਪਹਿਲਾਂ ਹੀ ਇਨਸਾਨ ਨਸ਼ਿਆਂ ਦੀ ਲੱਜ਼ਤ ਤੋਂ ਆਸ਼ਨਾ ਹੋ ਚੁੱਕਾ ਸੀ। ਪੇੜ ਪੌਦਿਆਂ ਤੋਂ ਨਸ਼ੀਲੇ ਪਦਾਰਥ ਪ੍ਰਾਪਤ ਕਰ ਉਹ ਉਨ੍ਹਾਂ ਦਾ ਸੇਵਾ ਮਸਤੀ ਤੇ ਸਰੂਰ ਦੀ ਮਨੋਦਸ਼ਾ ਉਸਾਰਨ ਅਤੇ ਫ਼ਿਕਰਾਂ ਤੇ ਤਣਾਵਾਂ ਤੋਂ ਦੂਰ ਹੋਣ ਲਈ ਕਰ ਲੈਂਦਾ ਹੁੰਦਾ ਸੀ। ਕਬੀਲਿਆਂ ਵਿਚਕਾਰ ਲੜਾਈਆਂ ਸਮੇਂ ਜੋਧੇ ਭੈ-ਰਹਿਤ ਹੋਣ ਲਈ ਵੀ ਇਨ੍ਹਾਂ ਦੀ ਵਰਤੋਂ ਕਰਦੇ ਹੁੰਦੇ ਸਨ।

ਪ੍ਰਾਚੀਨ ਸਮੇਂ ਦੁਨੀਆਂ ਦੇ ਹਰ ਖਿੱਤੇ ਵਿਚ, ਸਥਾਨਕ ਉਪਲਬਧੀ ਦੇ ਆਧਾਰ 'ਤੇ ਕੋਈ ਨਾ ਕੋਈ ਨਸ਼ਾ ਪ੍ਰਚਲਿਤ ਸੀ। ਸ਼ਰਾਬ ਦਾ ਇਤਿਹਾਸ ਸ਼ਾਇਦ ਸਭ ਤੋਂ ਪੁਰਾਣਾ ਹੈ ਅਤੇ ਇਸ ਦਾ ਅਧਿਕਾਰ-ਖੇਤਰ ਵੀ ਸਭ ਤੋਂ ਵਿਸ਼ਾਲ। ਪੁਰਾਤਨ ਮਨੁੱਖ ਬਨਾਸਪਤੀ ਰਸਾਂ ਨੂੰ ਗਲਾ-ਸੜਾ ਕੇ ਸ਼ਰਾਬ ਬਣਾ ਲੈਂਦਾ ਸੀ। ਭਾਰਤੀ ਆਦਿਵਾਸੀ ਖੁਦ ਪੀਣ ਤੋਂ ਇਲਾਵਾ ਆਪਣੇ ਦੇਵੀ-ਦੇਵਤਿਆਂ ਨੂੰ ਰੀਝਾਉਣ ਲਈ ਵੀ ਇਸ ਦੇ ਚੜ੍ਹਾਵੇ ਉਨ੍ਹਾਂ ਦੀਆਂ ਮੂਰਤੀਆਂ ਅੱਗੇ ਭੇਟ ਕਰਦੇ ਹੁੰਦੇ ਸਨ। ਅੱਜ-ਕਲ੍ਹ ਵੀ ਕਈ ਮੰਦਰਾਂ (ਜਿਵੇਂ ਦਿੱਲੀ ਪ੍ਰਗਤੀ ਮੈਦਾਨ ਸਾਹਮਣੇ ਭੈਰੋਂ ਮੰਦਰ) ਅਤੇ ਕਈ ਪੀਰਾਂ ਦੇ ਮਜ਼ਾਰਾਂ 'ਤੇ ਕੇਵਲ ਸ਼ਰਾਬ ਦਾ ਪ੍ਰਸ਼ਾਦ ਹੀ ਸਵੀਕਾਰ ਹੁੰਦਾ ਹੈ। ਪ੍ਰਾਚੀਨ ਆਰੀਆ ਲੋਕ 'ਸੋਮ ਰਸ' ਤੇ 'ਸੁਰਾ' ਦੇ ਰਸੀਏ ਸਨ। ਯੱਗ, ਪਸ਼ੂ-ਬਲੀ ਅਤੇ ਹੋਰ ਅਨੇਕ ਸਮਾਰੋਹਾਂ ਦੇ ਸੰਪੰਨ ਹੋਣ 'ਤੇ ਉਹ ਸਮੂਹਕ ਸ਼ਰਾਬਨੋਸ਼ੀ ਦੁਆਰਾ ਹਰਸ਼-ਉੱਲਾਸ ਵਿਚ ਗਵਾਚ ਜਾਇਆ ਕਰਦੇ ਸਨ।

ਅਨੇਕ ਦੇਸ਼ਾਂ ਵਿਚ ਪ੍ਰਾਚੀਨ ਖੰਡਰਾਂ ਦੀ ਖੁਦਾਈ ਤੋਂ ਹਜ਼ਾਰਾਂ ਸਾਲ ਪਹਿਲੇ ਵੀ ਪੋਸਤ, ਅਫੀਮ, ਭੰਗ, ਗਾਂਜਾ, ਚਰਸ ਆਦਿ ਦੇ ਪ੍ਰਯੋਗ ਦੇ ਸਪੱਸ਼ਟ ਉਲੇਖ ਮਿਲੇ ਹਨ। ਮੈਸੋਪੋਟਾਮੀਆ (ਵਰਤਮਾਨ ਇਰਾਕ ਤੇ ਸੀਰੀਆ) ਵਿਚ 6000 ਈਸਾ-ਪੂਰਵ ਪੋਸਤ ਦੀ ਕਾਸ਼ਤ ਤੇ ਅਫੀਮ ਦਾ ਨਿਰਮਾਣ ਹੁੰਦਾ ਸੀ। ਭੰਗ, ਗਾਂਜਾ ਤੇ ਚਰਸ ਦਾ ਪ੍ਰਯੋਗ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲੇ ਵੀ ਮਿਸਰ, ਤੁਰਕੀ, ਚੀਨ ਤੇ ਭਾਰਤ ਵਿਚ ਹੁੰਦਾ ਸੀ। ਭਾਰਤੀ ਮਿਥਿਹਾਸ ਅਨੁਸਾਰ ਕੈਲਾਸ਼ ਪਰਬਤ ਉੱਤੇ ਸਮਾਧੀ ਵਿਚ ਲੀਨ ਭਗਵਾਨ ਸ਼ਿਵ ਨਿੱਤ ਇਨ੍ਹਾਂ ਦਾ ਸੇਵਨ ਕਰਦੇ ਸਨ। ਉਪਰੋਕਤ ਸਾਰੇ ਮਾਦਕ ਪਦਾਰਥ ਔਸ਼ਧੀ ਦੇ ਰੂਪ ਵਿਚ ਵੀ ਇਸਤੇਮਾਲ ਹੁੰਦੇ ਰਹੇ ਹਨ।

ਦੱਖਣੀ ਅਮਰੀਕਾ ਦੇ ਆਦਿਵਾਸੀ ਸਦੀਆਂ ਤੋਂ 'ਕੋਕਾ' ਨਾਮੀ ਪੇੜ ਦੇ ਪੱਤੇ (ਜਿਨ੍ਹਾਂ ਤੋਂ ਕੋਕੀਨ ਤਿਆਰ ਕੀਤੀ ਜਾਂਦੀ ਹੈ) ਚੱਬਦੇ ਆਏ ਹਨ। ਉਹ ਸਵਦੇਸ਼ੀ ਨਸ਼ੀਲੇ ਥੋਹਰਾਂ ਤੇ ਖੁੰਭਾਂ ਦਾ ਵੀ ਪ੍ਰਯੋਗ ਕਰਦੇ ਹਨ। ਤੰਬਾਕੂ ਦਾ ਅਸਲੀ ਵਤਨ ਅਮਰੀਕਾ ਹੈ। ਸੰਨ 1492 ਵਿਚ ਕੋਲੰਬਸ ਦੁਆਰਾ 'ਨਵੀਂ ਦੁਨੀਆਂ' (ਅਮਰੀਕਾ) ਦੀ ਦਰਯਾਫ਼ਤ ਤੱਕ ਬਾਕੀ ਦੁਨੀਆਂ ਤੰਬਾਕੂ ਬਾਰੇ ਬਿਲਕੁਲ ਅਣਜਾਣ ਸੀ। ਕੋਲੰਬਸ ਇਸ ਨੂੰ ਯੂਰਪ ਲਿਆਇਆ ਅਤੇ ਉਥੋਂ ਇਹ ਦੂਜੇ ਮਹਾਂਦੀਪਾਂ ਵਿਚ ਪਹੁੰਚਿਆ। ਅੱਜ ਦੁਨੀਆਂ ਦਾ ਕੋਈ ਦੇਸ਼ ਤੰਬਾਕੂ-ਸੇਵਨ ਤੋਂ ਅਛੂਤਾ ਨਹੀਂ। ਲਗਭਗ 130 ਦੇਸ਼ ਤੰਬਾਕੂ ਪੈਦਾ ਤੇ ਨਿਰਯਾਤ ਕਰ ਰਹੇ ਹਨ। ਸੰਯੁਕਤ ਰਾਸ਼ਟਰ ਅਮਰੀਕਾ ਤੇ ਚੀਨ ਤੋਂ ਬਾਅਦ ਭਾਰਤ ਹੀ ਇਸ ਦਾ ਮੁੱਖ ਉਤਪਾਦਕ ਦੇਸ਼ ਹੈ।

ਅੱਧੀ ਸਦੀ ਪਹਿਲਾਂ ਤੱਕ ਮਨ ਦੀਆਂ ਤਾਰ-ਤਰੰਗਾਂ ਨੂੰ ਝੱਟ ਘੜੀ ਲਈ ਰਾਗ-ਮਈ ਬਣਾਉਣ ਅਤੇ ਰੰਗੀਨ ਸੁਪਨ-ਅਵਸਥਾ ਵਿਚ ਵਿਚਰਣ ਦੇ ਇਹ ਭ੍ਰਮਕ ਪ੍ਰਯਾਸ ਵੱਸੋਂ ਦੇ ਇਕ ਛੋਟੇ ਹਿੱਸੇ ਤੱਕ ਹੀ ਸੀਮਿਤ ਸਨ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਅਤੇ ਤਣਾਵਾਂ ਤੋਂ ਮੂੰਹ ਮੋੜਨ ਲਈ ਵੀ ਕੁਝ ਥੋੜ੍ਹੇ ਜਿਹੇ ਲੋਕ ਹੀ ਨਸ਼ੇ ਦੀਆਂ ਭੁੱਲ-ਭੁਲੱਈਆਂ ਵਿਚ ਗਵਾਚਿਆ ਕਰਦੇ ਸਨ। ਭਾਰਤੀ ਸਮਾਜ ਦਾ ਇਕ ਵੱਡਾ ਵਰਗ ਨਸ਼ਾ-ਸੇਵਨ ਨੂੰ ਐਬ ਸਮਝਦਾ ਰਿਹਾ ਹੈ। ਭਾਰਤ ਵਿਚ ਬੇਸ਼ੱਕ ਤੰਬਾਕੂ ਦੀ ਵਿਆਪਕ ਵਰਤੋਂ ਪਿਛਲੀਆਂ ਚਾਰ ਸਦੀਆਂ ਤੋਂ ਪ੍ਰਚਲਿਤ ਹੈ ਅਤੇ ਇਸ ਦਾ ਸ਼ੁਮਾਰ ਨਸ਼ਿਆਂ ਵਿਚ ਘੱਟ ਹੀ ਹੁੰਦਾ ਹੈ। ਕੇਵਲ ਸਿੱਖ ਧਰਮ ਹੀ ਇਸ ਨੂੰ ਘਿਣਾਉਣਾ ਪਾਪ ਗਰਦਾਨਦਾ ਹੈ। ਸਿਵਾਏ ਪੱਛਮੀ ਦੇਸ਼ਾਂ ਦੇ ਸ਼ਰਾਬ ਬਾਰੇ ਵੀ ਜਨਤਕ ਵਿਚਾਰਧਾਰਾ ਬਹੁਤ ਚੰਗੀ ਨਹੀਂ ਸੀ। ਇਸ ਤੋਂ ਪਰਹੇਜ ਇਕ ਗੁਣ ਸਮਝਿਆ ਜਾਂਦਾ ਸੀ।

ਜਿਉਂ-ਜਿਉਂ ਜੀਵਨ ਦਾ ਰੂਪ ਬਦਲਿਆ, ਤੌਰ-ਤਰੀਕੇ ਤੇ ਕਦਰਾਂ-ਕੀਮਤਾਂ ਬਦਲੀਆਂ, ਰਾਜਨੀਤੀ ਭ੍ਰਿਸ਼ਟ ਹੁੰਦੀ ਗਈ, ਸ਼ਰਾਬ ਤੇ ਤੰਬਾਕੂ ਤੋਂ ਪ੍ਰਾਪਤ ਟੈਕਸ ਦੇ ਲਾਲਚ ਨੇ ਹੁਕਮਰਾਨ ਨੇਤਾਵਾਂ ਨੂੰ ਲੋਕ-

ਹਿੱਤ ਵੱਲੋਂ ਅੰਨ੍ਹਾ ਕਰ ਦਿੱਤਾ, ਨਸ਼ਿਆਂ ਦੀ ਲਹਿਰ-ਬਹਿਰ ਹੁੰਦੀ ਗਈ। ਅੱਜ ਵੱਸੋਂ ਦਾ ਇਕ ਵੱਡਾ ਭਾਗ ਨਸ਼ਿਆਂ ਦੀ ਗ੍ਰਿਫ਼ਤ ਵਿਚ ਹੈ। ਸ਼ਰਾਬ ਇਕ ਪ੍ਰਤਿਸ਼ਠਾ-ਚਿੰਨ੍ਹ ਤੇ ਆਧੁਨਿਕਤਾ ਦਾ ਪ੍ਰਤੀਕ ਬਣ ਗਈ ਹੈ। ਬੱਚੇ, ਕਿਸ਼ੋਰ ਤੇ ਨੌਜਵਾਨ ਬੇਤਹਾਸ਼ਾ ਨਸ਼ਿਆਂ ਵੱਲ ਆਕਰਸ਼ਿਤ ਹੋ ਰਹੇ ਹਨ ਅਤੇ ਬਿਮਾਰ ਮਾਨਸਿਕਤਾ ਦੇ ਸ਼ਿਕਾਰ ਹੋ ਰਹੇ ਹਨ। ਪਤਾ ਨਹੀਂ ਹੋਸ਼ਾਂ ਵਾਲੀ ਜ਼ਿੰਦਗੀ ਉਨ੍ਹਾਂ ਨੂੰ ਕਿਉਂ ਪਸੰਦ ਨਹੀਂ? ਕੋਈ ਉਤਸੁਕਤਾ-ਵਸ਼, ਕੋਈ ਫ਼ੈਸ਼ਨੇਬਲ ਤੇ ਆਧੁਨਿਕ ਜਾਪਣ ਲਈ, ਕੋਈ ਗ਼ਮ ਗ਼ਲਤ ਕਰਨ ਲਈ ਅਤੇ ਕੋਈ ਸਨੇਹ-ਰਹਿਤ ਨੀਰਸ ਜੀਵਨ ਵਿਚ ਰਸ ਭਰਨ ਲਈ ਨਸ਼ਿਆਂ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ। ਕੌਮ ਦਾ ਭਵਿੱਖ ਖ਼ਤਰੇ ਵਿਚ ਪੈ ਗਿਆ ਹੈ।

ਪ੍ਰਾਚੀਨ (Classical) ਨਸ਼ਿਆਂ 'ਤੇ ਹੀ ਬੱਸ ਨਹੀਂ, ਨਵੇਂ ਤੋਂ ਨਵੇਂ ਨਸ਼ੀਲੇ ਪਦਾਰਥ ਈਜਾਦ ਹੋ ਰਹੇ ਹਨ ਅਤੇ ਅਜੋਕੇ ਦਿਸ਼ਾ-ਹੀਣ ਯੁਵਾ ਵਰਗ ਲਈ ਮ੍ਰਿਗ-ਤ੍ਰਿਸ਼ਨਾ ਬਣਦੇ ਜਾ ਰਹੇ ਹਨ। ਨਸ਼ੇ ਖ਼ਾਤਰ ਭਾਰੀ ਮਾਤਰਾ ਵਿਚ ਕਈ ਦਵਾਈਆਂ ਦੀ ਦੁਰਵਰਤੋਂ ਵੀ ਇਕ ਵਿਆਪਕ ਪ੍ਰਵਿਰਤੀ ਬਣਦੀ ਜਾ ਰਹੀ ਹੈ।

**ਨਸ਼ੀਲੇ ਪਦਾਰਥਾਂ ਦਾ ਵਰਗੀਕਰਨ** - ਡਰੱਗ (Drug) ਦਾ ਮੂਲ ਅਰਥ ਹੈ ਦਵਾਈ ਜਾਂ ਔਸ਼ਧੀ, ਪਰੰਤੂ ਹੁਣ ਆਮ ਬੋਲ-ਚਾਲ ਵਿਚ ਇਹ ਸ਼ਬਦ ਨਸ਼ੀਲੇ ਪਦਾਰਥਾਂ ਲਈ ਵਰਤਿਆ ਜਾਣ ਲੱਗ ਪਿਆ ਹੈ। ਇਹ ਪਦਾਰਥ ਮੁੱਖ ਰੂਪ ਵਿਚ ਮਨ ਜਾਂ ਮੂਡ ਨੂੰ ਪ੍ਰਭਾਵਿਤ ਕਰਦੇ ਹਨ, ਕਿਸ ਕਾਰਨ ਇਨ੍ਹਾਂ ਨੂੰ 'ਮਨ-ਪ੍ਰਭਾਵੀ ਡਰੱਗ' (Psychoactive or mood-altering drugs) ਵੀ ਕਹਿੰਦੇ ਹਨ। ਜ਼ਿਆਦਾਤਰ ਡਰੱਗਜ਼ ਝੱਟ ਘੜੀ ਲਈ ਸੁੱਖ ਦਾ ਆਭਾਸ ਉਪਜਾਉਂਦੇ ਹਨ। ਇਨ੍ਹਾਂ ਦਾ ਸੇਵਨ ਕਰ ਨਾ-ਸਮਝ ਲੋਕ ਭ੍ਰਾਮਕ ਖੁਸ਼ਨੁਮਾ ਮਨੋਸਥਿਤੀ ਵਿਚ ਪ੍ਰਵੇਸ਼ ਕਰਨਾ ਲੋਚਦੇ ਹਨ। ਇਹੀ ਚਸਕਾ ਅੱਗੇ ਚੱਲ ਕੇ ਉਨ੍ਹਾਂ ਨੂੰ ਸਰਵਨਾਸ਼ ਵੱਲ ਲੈ ਜਾਂਦਾ ਹੈ।

ਮਾਨਸਿਕ ਪ੍ਰਭਾਵ ਨੂੰ ਮੁੱਖ ਰੱਖਦਿਆਂ ਡਰੱਗਜ਼ ਨੂੰ ਤਿੰਨ ਮੁੱਖ ਵਰਗਾਂ ਵਿਚ ਵੰਡਿਆ ਗਿਆ ਹੈ -

1. **ਮਾਨਸਿਕ ਕ੍ਰਿਆਵਾਂ ਨੂੰ ਸੁਸਤ ਕਰਨ ਵਾਲੇ ਡਰੱਗ (Depressants)** - ਇਨ੍ਹਾਂ ਦੇ ਅਸਰ ਹੇਠ ਸੋਚ ਧੁੰਦਲੀ ਪੈ ਜਾਂਦੀ ਹੈ ਅਤੇ ਮਨ ਦੀ ਭਟਕਣ ਘੱਟ ਜਾਂਦੀ ਹੈ। ਬੇਚੈਨੀ, ਫ਼ਿਕਰ ਤੇ ਤਣਾਉ ਦੂਰ ਹੁੰਦੇ ਹਨ ਅਤੇ ਮਨ ਸ਼ਾਂਤ ਤੇ ਸੁਪਨਮਈ ਹੋ ਜਾਂਦਾ ਹੈ। ਸਵੈ-ਕਾਬੂ ਘਟਦਾ ਹੈ ਅਤੇ ਸੰਵੇਦਨਾਵਾਂ ਮੰਦ ਪੈ ਜਾਂਦੀਆਂ ਹਨ। ਨੀਂਦਰ ਦਾ ਰੁਝਾਨ ਹੁੰਦਾ ਹੈ। ਇਸ ਵਰਗ ਵਿਚਲੇ ਕਈ ਡਰੱਗ ਸ਼ਕਤੀਸ਼ਾਲੀ ਪੀੜ-ਨਿਵਾਰਕ ਵੀ ਹਨ।

* ਸ਼ਰਾਬ (Alcohol)

*** ਬਾਰਬਿਟੂਰੇਟ ਗਰੁਪ (Barbiturate group)**:

ਜਿਵੇਂ ਫੀਨੋਬਾਰਬੀਟੋਨ (Phenobarbitone),

ਸੀਕੋਬਾਰਬੀਟੋਨ (Secobarbitone)

ਅਮਾਈਲੋਬਾਰਬੀਟੋਨ (Amylobarbitone), ਆਦਿ।

*** ਬੇਚੈਨੀ ਤੇ ਚਿੰਤਾ ਦੂਰ ਕਰਨ ਵਾਲੇ ਡਰੱਗ (Tranquilisers & Anxiolytics)**:

ਜਿਵੇਂ ਡਾਇਜ਼ੇਪਾਮ (Diazepam),

ਐਲਪ੍ਰਾਜ਼ੋਲਾਮ (Alprazolam), ਆਦਿ।

*** ਨੀਂਦ-ਆਵੁਰ ਦਵਾਈਆਂ (Hypnotics)**:

ਜਿਵੇਂ ਮੈਂਡਰੈਕਸ (Mandrax), ਜੋ ਬੈਨ ਹੋ ਚੁੱਕੀ ਹੈ,

ਨਾਈਟ੍ਰਾਜ਼ੇਪਾਮ (Nitrazepam),

ਲੋਰਾਜ਼ੇਪਾਮ (Lorazepam), ਆਦਿ

*** ਸੰਵੇਦਨਾ-ਮੰਦਕ ਪੀੜ-ਨਿਵਾਰਕ ਡਰੱਗ (Narcoic analgesics)**:

ਜਿਵੇਂ ਭੁੱਕੀ, ਅਫ਼ੀਮ, ਕੋਡੀਨ (Codein), ਮਾਰਫੀਨ (Morphine), ਨਾਰਫੀਨ (Norphine), ਪੈਥਿਡੀਨ (Pethidine), ਫੋਰਟਵਿਨ (Fortwin), ਪ੍ਰੌਕਸੀਵੌਨ (Proxyvon) ਆਦਿ।

ਹੈਰੋਇਨ (Heroin) ਤੇ ਸਮੈਕ (Smack) ਇਸ ਗਰੁੱਪ ਦੇ ਪ੍ਰਚੰਡ ਨਸ਼ੇ ਹਨ, ਜਿਨ੍ਹਾਂ ਦਾ ਪ੍ਰਸਾਰ ਤੇਜ਼ੀ ਨਾਲ ਵਧ ਰਿਹਾ ਹੈ।

*** ਵਾਲੇਟਾਈਲ ਸੌਲੈਂਟਸ (Volatile Solvents)** : ਕਈ ਕਿਸ਼ੋਰ ਪੈਟਰੋਲ, ਵਾਰਨਿਸ਼, ਥਿੱਨਰ ਆਦਿ ਸੁੰਘ ਕੇ ਸ਼ਰਾਬ ਵਰਗਾ ਨਸ਼ਾ ਮਾਣਨ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਖ਼ਤਰਨਾਕ ਪ੍ਰਵਿਰਤੀ ਹੈ। ਕਈ ਵਾਰ ਇਸ ਦੇ ਨਤੀਜੇ ਵਜੋਂ ਅਚਾਨਕ ਹਿਰਦੇ-ਗਤੀ ਜਾਂ ਸਾਹ-ਕ੍ਰਿਆ ਰੁਕਣ ਕਾਰਨ ਮੌਤ (sudden sniffing Death) ਵੀ ਹੋ ਜਾਂਦੀ ਹੈ।

2. **ਮਾਨਸਿਕ ਕ੍ਰਿਆਵਾਂ ਨੂੰ ਉਤੇਜਿਤ ਕਰਨ ਵਾਲੇ ਡਰੱਗ (Stimuints)** - ਇਨ੍ਹਾਂ ਦੇ ਅਸਰ ਹੇਠ ਬਣਾਵਟੀ ਜਿਹੀ ਸਰੀਰਕ ਤੇ ਮਾਨਸਿਕ ਚੁਸਤੀ ਤੇ ਸਫੂਰਤੀ ਦਾ ਅਹਿਸਾਸ ਜਾਗਦਾ ਹੈ। ਸਰੀਰ ਵਿਚ ਅਚਾਨਕ ਸ਼ਕਤੀ ਤੇ ਊਰਜਾ (Energy) ਦੇ ਵਾਧੇ ਦਾ ਆਭਾਸ ਹੁੰਦਾ ਹੈ। ਇਕਾਗਰਤਾ ਵਧ ਗਈ ਜਾਪਦੀ ਹੈ ਅਤੇ ਥੋੜ੍ਹੇ ਸਮੇਂ ਲਈ ਵਿਅਕਤੀ ਨੀਂਦਰ ਨੂੰ ਦੂਰ ਰੱਖ ਕੇ ਖੁਦ ਨੂੰ ਅਣਥੱਕ ਮਿਹਨਤ ਕਰਨ ਦੇ ਯੋਗ ਮਹਿਸੂਸ ਕਰਦਾ ਹੈ। ਇਸ ਸੰਬੰਧ ਵਿਚ ਵਰਣਨ-ਯੋਗ ਹੈ ਕਿ ਇਹ ਡਰੱਗ ਖੁਦ ਊਰਜਾ ਪ੍ਰਦਾਨ ਨਹੀਂ ਕਰਦੇ, ਸਗੋਂ ਸਰੀਰ ਵਿਚਲੀ ਊਰਜਾ ਦੇ ਖਰਚ ਦੀ ਗਤੀ ਨੂੰ ਤੇਜ਼ ਕਰ ਦਿੰਦੇ ਹਨ। ਫਲਸਰੂਪ ਸਰੀਰ ਵਿਚ ਗੁੱਝਾ ਥਕੇਵਾਂ ਇਕੱਠਾ ਹੁੰਦਾ ਰਹਿੰਦਾ ਹੈ, ਜੋ ਕਿਸੇ ਵੀ ਸਮੇਂ ਗੰਭੀਰ ਰੂਪ ਵਿਚ ਬਾਹਰ ਆ ਸਕਦਾ ਹੈ।

ਕਈ ਵਿਦਿਆਰਥੀ ਇਮਤਿਹਾਨ ਦੇ ਦਿਨਾਂ ਵਿਚ ਬੌਧਿਕ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਐਮਫੈਟਾਮੀਨ ਜਾਂ ਹੋਰ ਉਤੇਜਿਕ ਲੈਂਦੇ ਹਨ, ਪਰੰਤੂ ਇਹ ਉਨ੍ਹਾਂ ਦਾ ਭਰਮ ਹੀ ਹੁੰਦਾ ਹੈ। ਅਕਸਰ ਲੈਣੇ ਦੇ ਦੇਣੇ ਵੀ ਪੈ ਜਾਂਦੇ ਹਨ। ਅਨੀਂਦਰੇ ਤੇ ਥਕਾਵਟ ਜਾਂ ਕਈ ਵਾਰ

ਅਤਿਅਧਿਕ ਉਤੇਜਨਾ ਕਾਰਨ ਅਚਾਨਕ ਉਸ ਦਾ ਦਿਮਾਗ਼ ਬੁੱਜ ਜਿਹਾ ਹੋ ਜਾਂਦਾ ਹੈ। ਚਿੰਤਨ-ਕ੍ਰਿਆ ਗੜਬੜਾ ਜਾਂਦੀ ਹੈ ਅਤੇ ਪ੍ਰੀਖਿਆ ਸਥੱਲ 'ਤੇ ਹੀ ਸੌਂ ਜਾਣ ਦੀ ਪ੍ਰਬਲ ਇੱਛਾ ਹੁੰਦੀ ਹੈ। ਉਂਜ ਉਸ ਨੇ ਪਾਸ ਹੋਣਾ ਹੁੰਦਾ ਹੈ ਤਾਂ ਵੀ ਵਿਦਿਆਰਥੀ ਫੇਲ੍ਹ ਹੋ ਜਾਂਦਾ ਹੈ। ਕਈ ਟਰੱਕ ਡਰਾਈਵਰ ਲਗਾਤਾਰ ਗੱਡੀ ਚਲਾ ਸਕਣ ਦੇ ਲਾਲਚ ਵਿਚ ਇਹ ਡਰੱਗ ਲੈਣ ਦੀ ਬੇਵਕੂਫੀ ਕਰਦੇ ਹਨ। ਅਜਿਹੇ ਅਨੇਕ ਮਾਮਲੇ ਰਿਪੋਰਟ ਹੋ ਚੁੱਕੇ ਹਨ, ਜਿਥੇ ਥਕਾਵਟ ਨਾਲ ਚੂਰ ਉਹ ਸਟੀਅਰਿੰਗ ਵ੍ਹੀਲ (Steering wheel) ਉੱਤੇ ਹੀ ਸੌਂ ਜਾਣ ਕਾਰਨ ਘਾਤਕ ਹਾਦਸੇ ਕਰ ਬੈਠੇ ਹਨ। ਡਰੱਗ ਦੀ ਮੱਦਦ ਨਾਲ ਜ਼ਿਆਦਾ ਕੰਮ ਕਰਨ ਦੀ ਕੋਸ਼ਿਸ਼ ਇਕ ਥੱਕੇ ਘੋੜੇ ਨੂੰ ਚਾਬੁਕਾਂ ਮਾਰ ਮਾਰ ਚਲਾਉਣ ਵਾਲੀ ਗੱਲ ਹੈ।

ਇਨ੍ਹਾਂ ਨਸ਼ਿਆਂ ਦੇ ਦੂਰਗਾਮੀ ਪ੍ਰਭਾਵ ਬੜੇ ਮਾੜੇ ਹੁੰਦੇ ਹਨ। ਹਾਈ ਬਲੱਡ ਪ੍ਰੈਸ਼ਰ, ਦਿਮਾਗ਼ ਵਿਚ ਰਕਤ-ਸ੍ਰਾਵ (brain haemorrhage), ਫ਼ਾਲਜ ਤੇ ਪਾਗਲਪਨ ਤੱਕ ਦੀ ਨੌਬਤ ਆ ਸਕਦੀ ਹੈ। ਕੋਕੀਨ ਦੇ ਕਈ ਅਮਲੀਆਂ ਨੂੰ ਚਮੜੀ ਹੇਠ ਹਜ਼ਾਰਾਂ ਕੀੜਿਆਂ ਦੇ ਰੀਂਗਣ ਦਾ ਭਰਮ ਹੁੰਦਾ ਹੈ।

**ਇਸ ਵਰਗ ਦੇ ਮੁੱਖ ਸੱਦਸ ਹਨ :**

*ਐਮਫੈਟਾਮੀਨ (Amphetamine group of drugs)

*ਕੋਕੀਨ (Cocaine)

*ਤੰਬਾਕੂ, ਜਿਸ ਦਾ ਨਸ਼ੀਲਾ ਅੰਸ਼ ਨਿਕੋਟੀਨ (Nicotine) ਹੈ।

ਪਹਿਲੇ ਦੋ ਤੀਬਰ ਉਤੇਜਕ ਹਨ ਅਤੇ ਤੀਜਾ ਮੁਕਾਬਲਤਨ ਹਲਕਾ। ਅਮਲੀ ਐਮਫੈਟਾਮੀਨ ਤੇ ਕੌਕੀਨ ਮੂੰਹ ਰਸਤੇ ਜਾਂ ਟੀਕੇ ਰਾਹੀਂ ਲੈਂਦੇ ਹਨ।

3. **ਭਰਾਂਤੀ-ਜਨਕ ਡਰੱਗ (Hallucinogens)** - ਇਹ ਤਰ੍ਹਾਂ-ਤਰ੍ਹਾਂ ਦੇ ਮਿਥਿਆ ਆਭਾਸ ਪੈਦਾ ਕਰਦੇ ਹਨ। ਵਾਸਤਵਿਕਤਾ ਨਾਲ ਨਾਤਾ ਕਾਫੀ ਹੱਦ ਤੱਕ ਟੁੱਟ ਜਾਂਦਾ ਹੈ। ਖੁਦ ਦਾ ਅਸਤਿਤਵ ਵਾਤਾਵਰਣ ਵਿਚ ਮਿਟਦਾ ਜਿਹਾ ਜਾਪਦਾ ਹੈ ਅਤੇ ਮਨ ਸੁਪਨ-ਸਾਜ਼ੀ ਅਤੇ ਅਦਭੁਤ ਕਲਪਨਾਵਾਂ ਵਿਚ ਉਡਾਣ ਭਰਨ ਲੱਗਦਾ ਹੈ। ਬੇਵਜ੍ਹਾ ਹਾਸਾ ਆਉਂਦਾ ਹੈ ਅਤੇ ਕਈ ਵਾਰ ਅਕਾਰਣ ਰੋਣ ਦਾ ਰੁਝਾਨ ਹੁੰਦਾ ਹੈ। ਰੰਗ ਵਧੇਰੇ ਸ਼ੋਖ, ਆਵਾਜ਼ਾਂ ਵਧੇਰੇ ਉੱਚੀਆਂ ਤੇ ਸੰਗੀਤ ਜ਼ਿਆਦਾ ਸੁਰੀਲਾ ਭਾਸਦਾ ਹੈ। ਸੁਬਹ, ਸ਼ਾਮ ਲੱਗਦੀ ਹੈ ਤੇ ਸ਼ਾਮ, ਸੁਬਹ। ਸਮੇਂ ਦੀ ਗਤੀ ਸੁਸਤ ਪੈ ਜਾਂਦੀ ਹੈ। ਪੰਦਰ੍ਹਾਂ ਮਿੰਟ ਦਾ ਸਮਾਂ ਇਕ ਘੰਟੇ ਬਰਾਬਰ ਜਾਪਦਾ ਹੈ। ਇਸ ਦੌਰਾਨ ਕੀਤੇ ਥੋੜ੍ਹੇ ਕੰਮ ਦਾ ਬਹੁਤੇ ਕੰਮ ਦਾ ਭੁਲੇਖਾ ਪੈਂਦਾ ਹੈ।

ਅਜਿਹੇ ਪ੍ਰਚੰਡ ਨਸ਼ਿਆਂ ਦੇ ਅਸਰ ਹੇਠ ਕਈ ਚੀਜ਼ਾਂ ਅਸਲ ਨਾਲੋਂ ਛੋਟੀਆਂ ਜਾਪਦੀਆਂ ਹਨ ਤੇ ਕਈ ਵੱਡੀਆਂ। ਹਾਥੀ ਦੇ ਆਕਾਰ ਦੇ ਕਾਕਰੋਚਾਂ ਅਤੇ ਕਾਕਰੋਚਾਂ ਜਿੱਡੇ ਹਾਥੀਆਂ ਦੇ ਦਰਸ਼ਨ ਹੁੰਦੇ ਹਨ। ਕਈ ਵਾਰ ਆਪਣਾ ਸਰੀਰ ਵੀ ਓਪਰਾ ਜਾਪਣ ਲੱਗਦਾ ਹੈ। ਇਕ ਬਾਂਹ ਜਾਂ ਲੱਤ ਦੂਜੀ ਨਾਲੋਂ ਵੱਡੀ ਜਾਂ ਛੋਟੀ ਨਜ਼ਰ ਆਉਂਦੀ ਹੈ। ਕਈ ਵਾਰ ਉਹ ਕੁਝ ਦਿਖਾਈ ਦੇਂਦਾ ਹੈ, ਮਹਿਸੂਸ ਹੁੰਦਾ ਹੈ ਜਾਂ ਸੁਣਾਈ ਦਿੰਦਾ ਹੈ, ਜਿਸ ਦਾ ਉਥੇ ਕੋਈ ਵਜੂਦ ਨਹੀਂ ਹੁੰਦਾ। ਕਈ ਨਸ਼ੇ ਵਿਚ ਆਕਾਸ਼ ਵਿਚ ਤਾਰੀਆਂ ਲਾਉਂਦੇ ਮਹਿਸੂਸ ਕਰਦੇ ਹਨ। ਕਈ ਰੱਬ ਨਾਲ ਰੂਬਰੂ ਵਾਰਤਾਲਾਪ ਕਰ ਆਉਂਦੇ ਹਨ, ਪਰੰਤੂ ਇਸ ਪ੍ਰਕਾਰ ਪ੍ਰਾਪਤ ਦੈਵੀ ਸੰਦੇਸ਼ਾਂ ਤੇ ਅਗਮ ਗਿਆਨ ਦੇ ਉਨ੍ਹਾਂ ਦੇ ਕਥਿਤ ਬਿਆਨ ਉੱਕਾ ਹੀ ਅਰਥਹੀਣ ਤੇ ਬੇਤੁਕੇ ਹੁੰਦੇ ਹਨ। ਕਈ ਵਾਰ ਚਰਸ ਜਾਂ ਗਾਂਜੇ ਦੇ ਨਸ਼ੇ ਵਿਚ ਧੁੱਤ ਬੰਦਾ ਕੋਈ ਹਥਿਆਰ ਫੜ ਬੇਤਹਾਸ਼ਾ ਦੌੜ ਪੈਂਦਾ (run amok) ਹੈ ਅਤੇ ਜੋ ਕੋਈ ਵੀ ਸਾਹਮਣੇ ਆਉਂਦਾ ਹੈ, ਉਸ ਉੱਤੇ ਹਮਲਾ ਕਰਦਾ ਜਾਂਦਾ ਹੈ।

ਨਸ਼ੇ ਵਿਚਲੇ ਊਟ-ਪਟਾਂਗ ਅਨੁਭਵਾਂ ਦਾ ਕਾਰਨ ਇਹ ਹੈ ਕਿ ਇਹ ਨਸ਼ੇ ਅਚੇਤ ਮਨ ਵਿਚ ਦਫ਼ਨ ਭਾਵਨਾਵਾਂ, ਇੱਛਾਵਾਂ ਤੇ ਡਰਾਂ ਨੂੰ ਝੰਜੋੜ ਕੇ ਮਸਤਕ ਨੂੰ ਕੁਝ ਸਮੇਂ ਲਈ ਅਸਥਿਰ ਕਰ ਦਿੰਦੇ ਹਨ। ਇਨ੍ਹਾਂ ਅਨੁਭਵਾਂ ਨੂੰ ਨਸ਼ਈ ਟ੍ਰਿਪ (ਸੈਰ-ਸਪਾਟਾ) ਦਾ ਨਾਂ ਦੇਂਦੇ ਹਨ, ਜੋ ਆਮ ਤੌਰ 'ਤੇ ਖੁਸ਼ਗਵਾਰ ਹੁੰਦਾ ਹੈ। ਕਈ ਵਾਰ ਟ੍ਰਿਪ 'ਗੁੱਡ' ਨਾ ਹੋ ਕੇ 'ਬੈਡ' ਸਿੱਧ ਹੁੰਦਾ ਹੈ, ਜਿਸ ਵਿਚ ਨਸ਼ੱਈ ਭੈ-ਭੀਤ ਹੋ ਕੇ ਥਰ-ਥਰ ਕੰਬਦਾ ਤੇ ਚੀਕਾਂ ਮਾਰਦਾ ਹੈ ਅਤੇ ਕਈ ਵਾਰ ਛੱਤ ਤੋਂ ਨੀਚੇ ਛਲਾਂਗ ਮਾਰ ਕੇ ਖੁਦਕਸ਼ੀ ਵੀ ਕਰ ਲੈਂਦਾ ਹੈ।

ਇਸ ਵਰਗ ਦੇ ਜ਼ਿਆਦਾ ਇਸਤੇਮਾਲ ਹੋਣ ਵਾਲੇ ਨਸ਼ੇ ਭੰਗ, ਗਾਂਜਾ ਤੇ ਚਰਸ ਹਨ। ਵਧੇਰੇ ਪ੍ਰਚੰਡ ਨਸ਼ਿਆਂ ਵਿਚ ਐਲ.ਐਸ.ਡੀ. (LSD), ਪੀ.ਸੀ.ਪੀ. (PCP), ਡੀ.ਐਮ.ਟੀ. (DMT), ਮੈਸਕਾਲਿਨ (Mescalin) ਤੇ ਸਾਇਲੋਸਾਇਬਿਨ (Psilocybin) ਸ਼ਾਮਲ ਹਨ। ਇਨ੍ਹਾਂ ਦੀ ਵਰਤੋਂ ਹੁਣ ਕਾਫੀ ਘੱਟ ਗਈ ਹੈ। ਹੁਲਾਰਿਆਂ ਤੇ ਝਰਨਾਟਾਂ ਦੇ ਮੁਤਲਾਸ਼ੀ ਮੁੰਡੇ ਕੁੜੀਆਂ ਇਨ੍ਹਾਂ ਉੱਤੇ ਹੁਣ ਹੈਰੋਇਨ ਤੇ ਸਮੈਕ ਨੂੰ ਤਰਜੀਹ ਦੇਣ ਲੱਗ ਪਏ ਹਨ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਆਯੂਰਵੈਦਿਕ ਗਿਆਨ

ਵੈਦ ਮੇਘ ਨਾਥ

(ੳ) ਭਾਗ

**ਆਯੁਰਵੈਦ ਕੀ ਹੈ: (ਆਯੂ (ਉਮਰ) ਸਬੰਧੀ ਗਿਆਨ)**

ਵੈਦਕ ਵਿੱਦਿਆ ਜਿਸ ਬਾਰੇ ਬ੍ਰਹਮਾ ਜੀ ਨੇ ਕਰਤਾ ਪੁਰਖ ਦੀ ਆਗਿਆ ਪਾ ਕੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਤੇ ਚਾਰ ਵੈਦਾਂ ਦਾ ਉਚਾਰਣ ਆਪਣੇ ਮੁੱਖ ਤੋਂ ਸ੍ਰਿਸ਼ਟੀ ਦੇ ਗਿਆਨ ਲਈ ਕੀਤਾ। ਜਿਸ ਵਿੱਚ ਇੱਕ ਲੱਖ ਸਲੋਕ ਅਥਰਵਵੇਦ ਵਿੱਚ ਆਯੁਰਵੇਦ ਦਾ ਲਿਖ ਦਿੱਤਾ। ਇਸ ਲਈ ਆਯੁਰਵੈਦਕ ਵਿੱਦਿਆ ਆਦਿ ਕਾਲ ਤੋਂ ਹੀ ਆਰੰਭ ਹੋਈ ਹੈ। ਜਿਸ ਦੇ ਮੁੱਖ ਵੈਦ ਅਸ਼ਵਨੀ ਕੁਮਾਰ ਮੰਨੇ ਜਾਂਦੇ ਹਨ ਜਿਨ੍ਹਾਂ ਨੇ ਇਹ ਵਿੱਦਿਆ ਇੰਦਰ ਦੇਵਤਾ ਨੂੰ ਪੜ੍ਹਾਈ ਅਤੇ ਇੰਦਰ ਨੇ ਧਨਵੰਤਰੀ ਜੀ ਨੂੰ ਪ੍ਰਦਾਨ ਕੀਤ।

**ਆਯੁਵਰੇਦ ਕੀਓ ਪ੍ਰਕਾਸ਼ਾ (ਧਨਵੰਤਰੀ)**

ਉਪ੍ਰੰਤ ਪਰਉਪਕਾਰੀ ਰਿਸ਼ੀ ਮੁਨੀਆਂ ਨੇ ਆਯੁਰਵੇਦ ਦਾ ਗਿਆਨ ਚਿਕਿਤਸਕਾਂ ਤੇ ਲੋਕਾਂ ਨੂੰ ਸ੍ਰਿਸ਼ਟੀ ਦੇ ਭਲੇ ਲਈ ਸਮੇਂ-ਸਮੇਂ ਵਿਸਥਾਰ ਪੂਰਵਕ ਵਰਨਣ ਕੀਤਾ ਕਿ ਆਯੁਰਵੈਦ ਕੀ ਹੈ?

ਜਿਸ ਸ਼ਾਸਤਰ ਵਿੱਚ ਆਯੂ (ਉਮਰ) ਦੇ ਹਿੱਤ (ਪੱਥ ਹਿਤਕਾਰੀ) ਤੇ ਅਹਿੱਤ (ਹਾਨੀਕਾਰਕ) ਅਹਾਰਾ ਵਿਹਾਰ, ਰੋਗਾਂ ਦਾ ਕਾਰਨ ਅਤੇ ਰੋਗਾਂ ਦਾ ਇਲਾਜ ਵਰਨਣ ਹੈ ਉਸ ਨੂੰ ਵਿਦਵਾਨ ਲੋਕ ਆਯੁਰਵੈਦ ਕਹਿੰਦੇ ਹਨ।

**ਆਯੁਰਵੈਦ ਦਾ ਮੁੱਖ ਪ੍ਰਯੋਜਨ** : ਸਵਾਸਥ ਰੱਖਿਆ ਕਰਨਾ, ਰੋਗ ਦੂਰ ਕਰਕੇ ਤੰਦਰੁਸਤੀ ਪ੍ਰਦਾਨ ਕਰਨਾ।

ਰੋਗ ਦੂਰ ਕਰਨ ਲਈ ਤਿੰਨ ਪ੍ਰਕਾਰ ਦੀ ਜਾਣਕਾਰੀ ਜ਼ਰੂਰੀ ਹੈ :

1. **ਹੇਤੂ ਗਿਆਨ** : ਰੋਗ ਦੇ ਭਿੰਨ-ਭਿੰਨ ਪ੍ਰਕਾਰ ਦੇ ਕਾਰਨਾਂ ਦੀ ਜਾਣਕਾਰੀ ਜ਼ਰੂਰੀ ਹੈ।
2. **ਲਿੰਗ ਗਿਆਨ** : ਰੋਗ ਦੇ ਲੱਛਣਾਂ ਤੋਂ ਰੋਗ ਸਮਝਣਾ।
3. **ਚਿਕਿੱਤਸਾ ਗਿਆਨ** : ਰੋਗ ਅਤੇ ਦਵਾਈ (ਜੜ੍ਹੀ-ਬੂਟੀਆਂ) ਦਾ ਪੂਰਨ ਗਿਆਨ।

**ਇਲਾਜ ਦੀਆਂ ਬਹੁਤ ਕਿਸਮਾਂ ਹਨ :**

1. ਮੰਤ੍ਰ ਤੰਤਰ ਚਿਕਿੱਤਸਾ
2. ਔਸ਼ਧੀ ਚਿਕਿੱਤਸਾ (ਦਵਾ ਦਾਰੂ)
3. ਸ਼ਸਤਰ ਚਿਕਿੱਤਸਾ (ਚੀਰ ਫਾੜ)
4. ਮਨੋ ਵਿਗਿਆਨ ਚਿਕਿੱਤਸਾ ਆਦਿ।

**ਵੈਦ ਦੇ ਲੱਛਣ -**

**ਰੋਗ ਦਾਰੂ ਦੋਵੇਂ ਬੁਝੈ ਤਾਂ ਵੈਦ ਸੁਜਾਨ**

ਆਯੁਰਵੇਦ ਵਿੱਦਿਆ ਗੁਰੂ ਪਾਸੋਂ ਬਹੁਤ ਹੀ ਪ੍ਰੇਮ ਭਾਵਨਾ ਨਾਲ ਪੜ੍ਹਿਆ ਹੋਵੇ, ਹੱਥ ਜਸ ਹੋਵੇ, ਪਵਿੱਤਰਤਾ ਰੱਖਣ ਵਾਲਾ ਹੋਵੇ, ਔਸ਼ਧੀ ਆਪਣੇ ਹੱਥੀਂ ਤਿਆਰ ਕਰਨ ਦੀ ਕਿਰਿਆ ਜਾਣਦਾ ਹੋਵੇ, ਰਹਿਮ ਦਿਲ ਹੋਵੇ, ਗੁਰੂ ਕੋਲੋਂ ਹਸਤ ਕਿਰਿਆ (ਦਵਾਈਆਂ ਬਨਾਉਣ) ਦਾ ਤਜਰਬਾ ਹਾਸਲ ਕੀਤਾ ਹੋਵੇ। ਦੁਖੀ ਨੂੰ ਦੇਖ ਕੇ ਹਮਦਰਦੀ ਨਾਲ ਇਲਾਜ ਕਰੇ। ਧਨ ਦਾ ਲੋਭੀ ਲਾਲਚੀ ਨਾ ਹੋਵੇ, ਮਨ ਦੀ ਸਾਧਨਾ ਵਾਲਾ ਸਿੱਧ, ਸਾਧੂ, ਬ੍ਰਾਹਮਣ ਭਾਵ ਧਾਰਮਿਕ ਵਿਚਾਰਾਂ ਦਾ ਧਾਰਨੀ ਹੋਵੇ। ਇਸ਼ਟ ਅਤੇ ਪ੍ਰਮਾਤਮਾ ਦੇ ਭੈਅ ਅਤੇ ਮਰਿਆਦਾ ਵਿੱਚ ਰਹਿਣ ਵਾਲਾ ਹੋਵੇ ਜੋ ਅਜਿਹਾ ਵੈਦ ਹੈ ਨਿਸ਼ਚੇ ਕਰਕੇ ਰੋਗੀ ਦਾ ਰੋਗ ਨਵਿਰਤ ਕਰ ਦਿੰਦਾ ਹੈ ਸੋ, ਉਪਰੋਕਤ ਗੁਣਾਂ ਵਾਲਾ ਵੈਦ ਸ੍ਰੇਸ਼ਟ ਵੈਦ ਹੈ।

**ਕੁਵੈਦ ਦੇ ਲੱਛਣ** - ਜੋ ਸ਼ਰਾਬ ਆਦਿ ਨਸ਼ਿਆਂ ਦਾ ਆਦੀ ਹੋਵੇ। ਆਲਸੀ, ਦਿਲ ਦਾ ਕਪਟੀ, ਅਭਿਮਾਨੀ, ਰੋਗ ਅਤੇ ਦਵਾਈ ਤੋਂ ਅਣਜਾਣ, ਕਰੋਧੀ, ਲਾਲਚੀ, ਉਸ ਦਾ ਇਲਾਜ ਵੀ ਠੀਕ ਨਹੀਂ ਹੈ, ਬਹੁਤਿਆਂ ਦੀ ਜ਼ਿੰਦਗੀ ਦਾ ਨਾਸ਼ ਕਰਦਾ ਹੈ। ਐਸੇ ਕੁਵੈਦ ਕੋਲੋਂ ਦਵਾਈ ਲੈਣ ਤੋਂ ਸ਼ਾਸਤਰ ਨੇ ਮਨ੍ਹਾਂ ਕੀਤਾ ਹੈ।

**ਮਰੀਜ਼ਾਂ ਨੂੰ ਉਪਦੇਸ਼** - ਜਿਸ ਚਿਕਿੱਤਸਕ ਪਾਸੋਂ ਇਲਾਜ ਕਰਵਾਉਣਾ ਹੋਵੇ ਉਸ ਦੀ ਕਾਬਲੀਅਤ ਨੂੰ ਚੰਗੀ ਤਰ੍ਹਾਂ ਜਾਣ ਲੈਣਾ ਅਤੀ ਜ਼ਰੂਰੀ ਹੈ ਕਿਉਂਕਿ ਮਰੀਜ਼ ਨੇ ਵੱਡਮੁੱਲੀ ਜ਼ਿੰਦਗੀ ਉਸ ਦੇ ਹਵਾਲੇ ਕਰਨੀ ਹੁੰਦੀ ਹੈ।

ਜ਼ਿੰਦਗੀ ਅਮੋਲਕ ਹੈ, ਇਸ ਨੂੰ ਖਤਰੇ ਵਿੱਚ ਨਾ ਪਾਓ। ਕਦੇ ਵੀ ਯੋਗ ਡਾਕਟਰ, ਵੈਦ ਦੇ ਸਲਾਹ ਮਸ਼ਵਰੇ ਬਿਨਾਂ ਅਗਿਆਤ ਅਖੌਤੀ ਡਾਕਟਰ, ਵੈਦ ਤੋਂ ਜਾਂ ਆਪਣੇ ਆਪ ਪੂਰੀ ਜਾਣਕਾਰੀ ਤੋਂ ਬਿਨਾਂ ਕੋਈ ਵੀ ਦਵਾਈ ਨਾ ਖਾਓ। ਬੇਸਮਝੀ ਨਾਲ ਦਵਾਈ ਖਾਣੀ, ਖਤਰਨਾਕ ਹੈ ਜੋ ਜ਼ਹਿਰ ਖਾਣੀ, ਹਥਿਆਰ ਚਲਾ ਦੇਣਾ ਅਤੇ ਅੱਗ ਲਗਾ ਦੇਣ ਦੇ ਬਰਾਬਰ ਹੈ।

**ਪੰਜ ਤੱਤ** - ਧਰਮ ਸ਼ਾਸਤਰ ਅਤੇ ਆਯੁਰਵੈਦ ਪਰਮਾਤਮਾ ਨੇ ਪੰਜਾਂ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਨ੍ਹਾਂ ਪੰਜਾਂ ਤੱਤਾਂ ਵਿੱਚ ਹੀ ਹਰ ਜੀਵ ਦੀ ਜੀਵਨ ਸੱਤਾ ਹੈ ਕੇਵਲ ਇਸੇ ਬ੍ਰਹਿਮੰਡ ਵਿੱਚ ਹੀ ਨਹੀਂ ਕਰੋੜਾਂ ਬ੍ਰਹਿਮੰਡਾਂ ਵਿੱਚ ਇਕੋ ਹੀ ਜੋਤ ਵਿਆਪਕ ਹੈ ਜਿਵੇਂ ਕਿ ਗੁਰੂ ਜੀ ਦਾ ਫੁਰਮਾਨ ਹੈ-

**ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ ॥**
**ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥**

(ਅੰਗ-612)

**ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥**

(ਅੰਗ - 988)

**ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥**

**ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥**

**ਅਕਾਲ ਉਸਤਤਿ (ਪਾਤਸ਼ਾਹੀ 10)**

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**

**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥**

**(ਅੰਗ 617)**

**ਪੰਜ ਤੱਤ** - ਧਰਤੀ, ਆਕਾਸ਼, ਪਾਣੀ, ਹਵਾ ਅਤੇ ਅੱਗ ਆਯੁਰਵੇਦ ਨੇ ਇਨ੍ਹਾਂ ਤੱਤਾਂ ਵਿੱਚੋਂ ਹਵਾ, ਪਾਣੀ ਅਤੇ ਅੱਗ ਨੂੰ ਹੀ ਤ੍ਰਿਦੋਸ਼ ਮੰਨਿਆ ਹੈ। ਮਨੁੱਖੀ ਸਰੀਰ ਅੰਦਰ ਵੀ ਪੰਜੇ ਤੱਤ ਮੌਜੂਦ ਹੁੰਦੇ ਹਨ।

**ਤ੍ਰਿਦੋਸ਼**

ਸਰੀਰ ਵਿੱਚ ਅਨੇਕ ਰੋਗਾਂ ਦਾ ਕਾਰਨ ਤਿੰਨ ਦੋਸ਼ 'ਵਾਤ, ਪਿੱਤ, ਕਫ਼' ਹਨ।

1. **ਵਾਤ** - ਸਰੀਰ ਅੰਦਰ ਹਵਾ ਦੀ ਮਾਤਰਾ ਦੇ ਵਧਣ/ਘਟਣ ਨਾਲ ਰੋਗ ਹੁੰਦੇ ਹਨ।

2. **ਪਿੱਤ** - ਇਹ ਰੋਗ ਸਰੀਰ ਵਿੱਚ ਗਰਮੀ (ਅੱਗ) ਦੀ ਘਾਟ-ਵਾਧ ਕਰਕੇ ਉਤਪੰਨ ਹੁੰਦਾ ਹੈ। ਜਿਵੇਂ ਜਲਨ, ਚਮੜੀ ਰੋਗ, ਖ਼ੂਨ ਦੀ ਖਰਾਬੀ, ਘਬਰਾਹਟ, ਕਬਜ਼, ਬਵਾਸੀਰ ਆਦਿ। ਜਾਂ ਤਿੰਨੋ ਦੋਸ਼ਾਂ ਦੀ ਵਿਖਮਤਾ (ਵਾਧ-ਘਾਟ) ਆਪਸ ਵਿੱਚ ਮਿਲ ਕੇ ਵੀ ਅਨੇਕਾਂ ਰੋਗ ਪੈਦਾ ਕਰਦੇ ਹਨ। ਇਸ ਲਈ ਇਨ੍ਹਾਂ ਤਿੰਨਾਂ ਤੱਤਾਂ ਦਾ ਸਮ ਰਹਿਣਾ ਹੀ ਅਰੋਗਤਾ ਅਤੇ ਤੰਦਰੁਸਤੀ ਹੈ। ਜੀਵਾਂ ਅੰਦਰ ਗਲਤ ਅਹਾਰ-ਵਿਹਾਰ ਕਰਨ ਕਾਰਨ ਇਹਨਾਂ ਤੱਤਾਂ ਦੀ ਵਾਧ-ਘਾਟ ਹੋਣ ਕਾਰਨ ਹੀ ਤਿੰਨੋ ਦੋਸ਼ ਉਤਪੰਨ ਹੁੰਦੇ ਹਨ।

3. **ਕਫ਼** - ਕਫ਼ ਰੋਗ ਸਰੀਰ ਵਿੱਚ ਜਲ (ਪਾਣੀ ਦੀ ਵਾਧ-ਘਾਟ ਨਾਲ ਹੁੰਦੇ ਹਨ। ਜਿਵੇਂ ਰੇਸ਼ਾ, ਬਲਗਮ, ਨਜ਼ਲਾ, ਜ਼ੁਕਾਮ, ਖਾਂਸੀ ਆਦਿ।

ਇਨ੍ਹਾਂ ਤੱਤਾਂ ਨੂੰ ਸਮ ਰੱਖਣ ਲਈ ਈਸ਼ਵਰ ਨੇ ਅਨੇਕਾਂ ਕਿਸਮ ਦੀਆਂ ਜੜੀ ਬੂਟੀਆਂ ਪੈਦਾ ਕੀਤੀਆਂ ਹਨ। ਆਦਿ ਕਾਲ ਤੋਂ ਆਯੁਰਵੈਦ ਦੇ ਰਿਸ਼ੀ ਰੋਗਾਂ ਮੁਤਾਬਿਕ ਇਨ੍ਹਾਂ ਦੀ ਪਰਖ ਕਰਕੇ ਸਫਲਤਾ-ਪੂਰਵਕ ਮਾਨਵਤਾ ਦਾ ਭਲਾ ਕਰਦੇ ਆ ਰਹੇ ਹਨ।

**ਜ਼ਰੂਰੀ ਨੋਟ**- ਖਈ ਰੋਗ (ਟੀ.ਬੀ.), ਖ਼ੂਨ ਦਾ ਪ੍ਰਵਾਹ, ਸੋਜ, ਖਾਂਸੀ, ਫੋੜੇ, ਧਾਂਤ ਦੀ ਕਮਜ਼ੋਰੀ ਜਾਂ ਬਦਹਜ਼ਮੀ ਵਾਲੇ ਨੂੰ ਕਸਰਤ ਨਹੀਂ ਕਰਨੀ ਚਾਹੀਦੀ।

**ਮਲੇਰੀਆ ਤੇ ਡੇਂਗੂ ਬੁਖਾਰ ਤੋਂ ਬਚੋ**

ਕਾਲੀਆਂ ਮਿਰਚਾਂ-7

ਤੁਲਸੀ ਦੇ ਪੱਤੇ 15

ਨਿੰਮ ਦੇ ਤਾਜ਼ੇ ਪੱਤੇ-7

ਸਵੇਰੇ ਦਾਤਣ ਕੁਰਲਾ ਕਰਕੇ ਜਬਾ ਕੇ ਖਾਓ ਅਤੇ ਫਿਰ ਪਾਣੀ ਪੀਓ। ਇਸ ਤਰ੍ਹਾਂ 7 ਦਿਨ ਕਰੋ। ਮਲੇਰੀਆ, ਡੇਂਗੂ ਬੁਖਾਰ ਤੋਂ ਬਚਾਓ ਰਹੇਗਾ।

**ਲੋਕ ਅਖਾਣ**

1. ਅੱਖਾਂ ਗਈਆਂ ਜਹਾਨ ਗਿਆ,
ਦੰਦ ਗਏ ਸਵਾਦ ਗਿਆ,
ਕੰਨ ਗਏ ਰਾਗ ਗਿਆ,
ਮਾਪੇ ਗਏ ਲਾਡ ਗਿਆ।

2. ਆਂਖ ਮੇਂ ਅੰਜਨ ਦਾਂਤ ਪੇ ਮੰਜਨ,
ਨਿੱਤ ਕਰ, ਨਿੱਤ ਕਰ, ਨਿੱਤ ਕਰ।
ਨਾਕ ਮੇਂ ਉਂਗਲੀ, ਕਾਨ ਮੇਂ ਤਿਨਕਾ,
ਮੱਤ ਕਰ, ਮੱਤ ਕਰ, ਮੱਤ ਕਰ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਕਾਵਿ-ਕਿਆਰੀ

## ਲ਼ਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ



### ਦਰੁਸੱਤ

ਤੂੰ ਤੇ ਮੈਂ ਕਦੇ ਇਕ ਸਾਂ
ਪਰ ਅਚਾਨਕ ਖਰੇ ਤੈਨੂੰ ਕੀ ਹੋਇਆ
ਤੂੰ ਆਪਣੇ ਰਸਤੇ ਉਤੇ ਤੇਜ ਭੱਜਣ ਲੱਗਾ
ਤੂੰ ਛੱਡਣ ਦੀ ਕੋਸ਼ਿਸ਼ ਕੀਤੀ ਮੈਨੂੰ ਬਹੁਤ ਪਿੱਛੇ
ਤੂੰ ਅੱਗੇ ਭੱਜ ਕੇ ਕਈ ਮੱਲਾਂ ਵੀ ਮਾਰ ਲਈਆਂ
ਤੇ ਕਾਹਲੀ ਕਾਹਲੀ ਵਿੱਚ ਤੂੰ ਲਤਾੜ ਦਿੱਤੀਆਂ
ਰਸਤੇ ਵਿੱਚ ਆਉਂਦੀਆਂ ਕਈ ਕਲੀਆਂ
ਤੂੰ ਫਲ ਖਾਧੇ, ਫੁੱਲ ਮਸਲੇ ਤੇ ਮੇਰੇ ਲਈ
ਤੂੰ ਛੱਡ ਗਿਓਂ ਇਕ ਬਹੁਤ ਵੱਡਾ ਕੰਮ
ਉਨ੍ਹਾਂ ਲਿਤਾੜੇ ਹੋਏ ਫੁੱਲਾਂ ਨੂੰ ਸੰਭਾਲਣ ਦਾ ਕੰਮ
ਪਰ ਕੋਈ ਗੱਲ ਨਹੀਂ ਮਿੱਤਰਾ, ਮੈਂ ਸੰਭਾਲਾਂਗਾ ਤੇਰੀ ਜੂਠਣ
ਮੈਂ ਸੰਭਾਲਾਂਗਾ ਤੇਰੇ ਕਾਹਲੇ ਕਦਮਾਂ ਹੇਠਾਂ ਆਈਆਂ ਕਲੀਆਂ ਨੂੰ
ਮੈਂ ਦਰੁੱਸਤ ਕਰਦਾ ਆਵਾਂਗਾ ਤੇਰੀਆਂ ਗਲਤੀਆਂ ਨੂੰ
ਤੇ ਤੈਨੂੰ ਅਹਿਸਾਸ ਦੁਆਵਾਂਗਾ ਕਦੇ ਨਾ ਕਦੇ ਮੰਜ਼ਲ ਉੱਤੇ ਪਹੁੰਚ ਕੇ
ਕਿ ਬਹੁਤ ਭੱਜਦੇ ਲੋਕ ਮੰਜ਼ਲ ਦੇ ਕੋਲ ਜਾ ਕੇ ਡਿਗ ਜਾਂਦੇ ਨੇ
ਮੈਂ ਹੌਲੀ-ਹੌਲੀ ਆਵਾਂਗਾ ਤੇ ਮੰਜ਼ਿਲ ਉੱਤੇ ਪਹੁੰਚਾਉਂਗਾ ਜ਼ਰੂਰ
ਕਿਉਂਕਿ ਰਸਤਿਆਂ ਉੱਤੇ ਖਿਲਾਰਿਆ ਤੇਰਾ ਗੰਦ
ਵੀ ਤੇ ਸਾਫ ਕਰਨਾ ਪਵੇਗਾ ਮੈਨੂੰ
ਮੈਂ ਹੌਲੀ-ਹੌਲੀ ਆਵਾਂਗਾ ਮਿੱਤਰਾ ਤਾਂ ਕਿ
ਤੈਨੂੰ ਪੈਂਦੀਆਂ ਲੋਕ ਲਾਹਨਤਾਂ ਦਾ ਕੁਝ ਨਾ ਕੁਝ ਕਰਕੇ ਆਵਾਂ
ਤੇ ਮੰਜ਼ਲ ਦੇ ਐਨ ਨਜ਼ਦੀਕ ਤੈਨੂੰ ਹੱਫ ਕੇ ਡਿੱਗੇ ਨੂੰ
ਚੁੱਕਣਾ ਵੀ ਤੇ ਹੈ ਮੈਂ।
ਕਿਉਂਕਿ ਤੈਨੂੰ ਤੇਰੀ ਅਪਣੱਤ ਦਾ ਅਹਿਸਾਸ ਹੈ
ਤੂੰ ਤੇ ਮੈਂ ਕਦੇ ਇਕ ਸਾਂ
ਤੇਰੀ ਅਤੇ ਮੇਰੀ ਮੁਕਤੀ ਦਾ ਰਾਜ
ਫਿਰ ਤੋਂ ਇਕ ਹੋ ਜਾਣ ਵਿੱਚ ਛੁੱਪਿਆ ਹੈ।

* * * * *

### ਵਿਛੋੜਾ ਮਾਂ ਦਾ

ਚਲੀ ਗਈ ਮਾਂ ਖਾਲੀ ਹੈ ਥਾਂ
ਸੋਚਦਾ ਰਹਿੰਦਾ ਉਠਦਾ ਬਹਿੰਦਾ
ਚਲੀ ਗਈ ਦੂਰ ਸਾਡੇ ਤੋਂ ਬਾਹਲੇ
ਕਰਾ ਮਹਿਸੂਸ ਮੈਂ ਆਲੇ ਦੁਆਲੇ।

ਉਥੇ ਗਿਆ ਮੁੜਿਆ ਨਾ ਕੋਈ
ਦਿਲ ਦੀ ਰੀਝ ਪੂਰੀ ਨਾ ਹੋਈ
ਸੁਪਨੇ ਰਹਿ ਗਏ ਕਈ ਅਧੂਰੇ
ਭਾਵੇਂ ਲਾਡ ਲਡਾਏ ਮਾਂ ਪੂਰੇ।

ਜਾਵਾ ਜਿਧਰ ਵੀ ਯਾਦਾਂ ਅੱਗੇ
ਮਾਂ ਹੈ ਭਲੇਖਾ ਲੱਗੇ
ਅਸਲੀਅਤ ਜਦ ਸਾਹਮਣੇ ਆਵੇ
ਚੀਸ ਨਿਕਲੇ ਮਨ ਤੜਫਾਵੇ।

ਯਾਦ ਜਦ ਵੀ ਮਾਂ ਦੀ ਆਏ
ਲਾਡ ਲਡਾਏ ਜਾਣ ਨਾ ਭੁਲਾਏ
ਸੋਚ ਸੋਚ ਕੇ ਗਿਆ ਮੈਂ ਹਾਰ
ਨਹੀਂ ਕਰ ਸਕਦਾ ਕੋਈ ਮਾਂ ਜਿੰਨਾ ਪਿਆਰ।

ਧੀਆਂ ਪੁੱਤਾਂ ਲਈ ਔਖਾ ਹੈ ਸਹਿਣਾ
ਵਿਛੋੜਾ ਮਾਂ ਦਾ ਝਲਨਾ ਪੈਣਾ
ਚਲੇ ਜਾਣਾ ਹੈ ਜਗ ਦੀ ਰੀਤ
ਭੁਲੀ ਨਹੀਂ ਜਾਂਦੀ ਮਾਂ ਦੀ ਪ੍ਰੀਤ।

ਚੱਕ ਕੇ ਸਿਵਿਆਂ ਦੇ ਵੱਲ ਜਾਣਾ
ਆਪਣੇ ਹੱਥੀਂ ਲਾਂਬੂ ਹੈ ਲਾਣਾ
ਭੁੱਬਾ ਨਿਕਲਣ ਹੰਝੂ ਵਹਿੰਦੇ
ਰੀਤ ਰਿਵਾਜ਼ ਸਭ ਕਰਨੇ ਪੈਂਦੇ।

ਮਾਂ ਸਦਕੇ ਮਾਂ ਬਲਿਹਾਰੇ
ਤੁਸੀਂ ਮੈਨੂੰ ਜਾਣ ਤੋਂ ਪਿਆਰੇ
ਛੇਤੀ ਮੁੜਨਾ ਧਿਆਨ ਨਾਲ ਰਹਿਣਾ
ਸਾਨੂੰ ਹੁਣ ਕਿਸੇ ਨਹੀਂ ਕਹਿਣਾ।

ਕਰ ਲਵੋ ਰੱਜ ਰੱਜ ਮਾਪਿਆਂ ਨਾਲ ਪਿਆਰ
ਇਹ ਨਹੀਂ ਲੱਭਣੇ ਮੁੜ ਮੇਰੇ ਯਾਰ
ਕਹਿੰਦਾ ਸੁਭਾਨਪੁਰੀ ਭੁਲ ਨਾ ਜਾਣਾ
ਪਹਿਲਾ ਮਾਪੇ ਫਿਰ ਗੁਰੂ ਧਿਆਣਾ।

**-ਰਘਬੀਰ ਸਿੰਘ ਸੁਭਾਨਪੁਰ**

## ਸ਼ਬਦਾਂ ਦੇ ਸੰਜੋਗ

* ਧਰਮ ਪਿਆਰ ਕਰਨ ਵਾਲੇ ਲੋਕ ਬਣਾਉਂਦੇ ਹਨ, ਗਿਆਨਵਾਨ ਲੋਕ ਇਸ ਦਾ ਵਿਸਥਾਰ ਕਰਦੇ ਹਨ ਤੇ ਕੱਟੜ ਲੋਕ ਇਸ ਨੂੰ ਖਤਮ ਕਰਦੇ ਹਨ।
* ਧਰਮ ਸਿਰਫ ਬਾਹਰੀ ਚਿੰਨ੍ਹਾਂ ਦਾ ਨਾਮ ਨਹੀਂ ਸਗੋਂ ਅੰਦਰੋਂ ਸੁਚੇਤ ਹੋ ਜਾਣ ਦਾ ਨਾਮ ਹੈ।
* ਧਰਮ ਵਿਚ ਜੋ ਲੋਕ ਨਿੱਜ ਨੂੰ ਮਾਰ ਲੈਂਦੇ ਹਨ ਉਹ ਧਾਰਮਿਕ ਹੋ ਜਾਂਦੇ ਹਨ ਅਤੇ ਜੋ ਧਰਮ ਨੂੰ ਸਿਰ 'ਤੇ ਚੁੱਕ ਕੇ ਘੁੰਮਦੇ ਹਨ ਉਹ ਪਾਗਲ ਹੋ ਜਾਂਦੇ ਹਨ।
* ਪਿਆਰ ਹੱਥ ਵਿੱਚ ਫੜਨ ਵਾਲੀ ਚੀਜ਼ ਨਹੀਂ ਇਹ ਦਿਲ ਵਿੱਚ ਸੰਭਾਲਣ ਵਾਲੀ ਪ੍ਰਵਾਨਗੀ ਹੈ।
* ਹੁਸਨ ਅੱਖਾਂ 'ਤੇ ਅਸਰ ਕਰਦਾ ਹੈ ਅਤੇ ਡੰਗ ਦਿਲ 'ਤੇ ਮਾਰਦਾ ਹੈ, ਫਿਰ ਦਿਲ ਉਸ ਹੁਸਨ ਨੂੰ ਅੱਖਾਂ ਰਾਹੀਂ ਭਾਲਦਾ ਰਹਿੰਦਾ ਹੈ।
* ਆਸ਼ਕ ਅਤੇ ਭਗਤ ਇਕੋ ਮੰਜ਼ਲ 'ਤੇ ਤੁਰਦੇ ਹਨ ਪਰ ਆਸ਼ਕ ਸਾਰਾ ਰਾਹ ਤੜਪਦਾ ਰਹਿੰਦਾ ਹੈ ਅਤੇ ਭਗਤ ਆਪਣੀ ਤੜਪ ਨੂੰ ਗਿਆਨ ਵਿੱਚ ਬਦਲ ਲੈਂਦਾ ਹੈ ਤੇ ਸੰਤੁਸ਼ਟ ਹੋ ਜਾਂਦਾ ਹੈ।
* ਪਿਆਰ ਕਰਨ ਵਾਲੇ ਲੋਕ ਕਦੇ ਕਿਸੇ ਦੀ ਚੁਗਲੀ ਨਹੀਂ ਕਰਦੇ ਅਤੇ ਨਾ ਹੀ ਆਪਣੀ ਨਿੰਦਿਆ ਦੀ ਪ੍ਰਵਾਹ ਕਰਦੇ ਹਨ।
* ਅਸੀਂ ਇਕ ਦੂਜੇ ਨੂੰ ਗਲਤ ਕਹਿੰਦੇ ਰਹਿੰਦੇ ਹਾਂ ਪਰ ਸਹੀ ਕੀ ਹੈ ਕਿਸੇ ਨੂੰ ਪਤਾ ਨਹੀਂ ਲੱਗਦਾ।
* ਵਿਅਕਤੀਗਤ ਪਿਆਰ ਦਿਲ ਨੂੰ ਧੂਹ ਪਾਉਂਦਾ ਹੈ ਪਰ ਸਾਕਾਰ ਹੋਇਆ ਪਿਆਰ ਅਨੰਦ ਵਿੱਚ ਲੈ ਜਾਂਦਾ ਹੈ।
* ਦੋ ਚੀਜ਼ਾਂ ਹਮੇਸ਼ਾਂ ਚੰਗੀਆਂ ਹੁੰਦੀਆਂ ਹਨ – ਨਾ ਕਿਸੇ ਨੂੰ ਚੰਗਾ ਕਹੋ ਤੇ ਨਾ ਮਾੜਾ।

**ਹਰਬਖ਼ਸ਼ ਸਿੰਘ ਟਾਹਲੀ**





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

ESTD. 1949 Tel. 01763 - 222915

ASHOKA SENIOR SECONDARY SCHOOL

(A GOVERNMENT OF PUNJAB AIDED INSTITUTION)
SIRHIND MANDI - 140406 (Fatehgarh Sahib)

ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ, ਸਰਹਿੰਦ ਮੰਡੀ (ਫਤਹਿਗੜ੍ਹ ਸਾਹਿਬ)

Ref. No. 3397/19 Dated 05/03/2019

To

The President,

Baba Makhan Shah Lobana Foundation,

Chandigarh.

Dear Sir,

I am writing this letter on behalf of my students to express my sincere gratitude to you for the tremendous support that your organization has provided to our deserving students in the form of scholarships.

This financial support will definitely enable the students to pursue their academic dreams.

I highly appreciate your act of greatness in this endeavor.

Your's truly,

(Devinder Kumar)

Principal
Ashoka Sen. Sec. School
Sirhind Mandi (FGS)
Affiliation No. FGS 6806

# ਬਾਬਾ ਮੱਖਣ ਸ਼ਾਹ ਭਵਨ ਨੂੰ 'ਗੁਰੂ ਲਾਧੋ ਰੇ' ਦਿਵਸ 'ਤੇ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 27-01-2019 ਤੋਂ 15-02-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਕੁਲਬੀਰ ਸਿੰਘ | 500/- | ਆਈ-190 | 27-01-2019 |
| | ਮਕਾਨ ਨੰ-590, ਫੇਸ-1, ਮੋਹਾਲੀ।(ਆਪਣੇ ਪਿਤਾ ਸ਼ਹੀਦ ਮੇਲਾ ਸਿੰਘ ਜੀ ਦੀ ਯਾਦ ਵਿਚ ਦਾਨ ਦਿੱਤੇ, ਜਿਨ੍ਹਾਂ ਨੇ 1962 ਚੀਨ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ) | | | |
| 2. | ਸ. ਜਗਮੋਹਨ ਸਿੰਘ | 1000/- | ਆਈ-196 | 02-02-2019 |
| | ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | | | |
| 3. | ਸ. ਗੁਰਿੰਦਰ ਸਿੰਘ ਬਾਦਲੀਆ | 2000/- | ਆਈ-200 | 04-02-2019 |
| | ਮਕਾਨ ਨੰ-101, ਅਰਬਨ ਐਸਟੇਟ, ਜਲੰਧਰ।(ਸ.ਰਾਜਪਾਲ ਸਿੰਘ ਦੁਆਰਾ ਦਿੱਤੇ) | | | |
| 4. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਆਈ-207 | 13-02-2019 |
| | ਮਕਾਨ.ਨੰ-2218, ਸੈਕਟਰ-38ਸੀ. ਚੰਡੀਗੜ੍ਹ। | | | |
| 5. | ਪੰਡਿਤ ਸ਼੍ਰੀ ਰਾਮ ਕੁਮਾਰ, | 500/- | ਆਈ-208 | 13-02-2018 |
| | ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾਂ ਫਾਉਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | | | |
| 6. | ਸ. ਪ੍ਰਤਾਪ ਸਿੰਘ | 200/- | ਆਈ-209 | 13-02-2019 |
| | ਮਕਾਨ ਨੰ-5701, ਸੈਕਟਰ-38-ਵੈਸਟ, ਚੰਡੀਗੜ੍ਹ। | | | |
| 7. | ਸ. ਰਵਿੰਦਰ ਸਿੰਘ ਜਨਰਲ ਸਕੱਤਰ | 200/- | ਆਈ-210 | 13-02-2019 |
| | ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | | | |
| 8. | ਸ. ਜਗੀਰ ਸਿੰਘ ਲਾਲੀਆ | 500/- | ਆਈ-211 | 13-02-2019 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ, ਮਕਾਨ ਨੰ-1838, ਸੈਕਟਰ-7, ਮੋਹਾਲੀ। | | | |
| 9. | ਸ. ਐਨ.ਪੀ. ਸਿੰਘ | 200/- | ਆਈ-212 | 13-02-2019 |
| | ਮਕਾਨ ਨੰ-2249, ਸਟਾਰ ਇਨੰਕਲੇਵ, ਸੈਕਟਰ-48-ਸੀ, ਚੰਡੀਗੜ੍ਹ। | | | |
| 10. | ਸ਼੍ਰੀਮਤੀ ਤਨਪ੍ਰੀਤ ਕੌਰ | 500/- | ਆਈ-213 | 13-02-2019 |
| | ਪੁੱਤਰੀ ਸ. ਐਨ.ਪੀ.ਸਿੰਘ, ਮਕਾਨ ਨੰ-2249, ਸਟਾਰ ਇਨੰਕਲੇਵ, ਸੈਕਟਰ-48-ਸੀ,ਚੰਡੀਗੜ੍ਹ। | | | |
| 11. | ਸੂਬੇਦਾਰ ਮੇਜਰ ਅਮਰਜੀਤ ਸਿੰਘ | 200/- | ਆਈ-214 | 13-02-2019 |
| | ਐਚ.ਐਮ-102, ਫੇਸ-3ਬੀ1, ਮੋਹਾਲੀ। | | | |
| 12. | ਸ. ਹਰਦਿਆਲ ਸਿੰਘ ਘੋਤੜਾ | 200/- | ਆਈ-215 | 13-02-2019 |
| | ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | | | |

| | | | | |
|---|---|---|---|---|
| 13. | ਗੁਪਤ ਦਾਨ | 100/- | ਆਈ-216 | 13-02-2019 |
| 14. | ਸ. ਸੁਖਪਾਲ ਸਿੰਘ ਜਿੰਮੀ ਅਸਟਰੇਲੀਆ, | 250/- | ਆਈ-217 | 13-02-2019 |

ਪੁੱਤਰ ਸ.ਨਿਰਮਲ ਸਿੰਘ ਮੈਨਟੇਨੈਂਸ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, (ਕੜਾਹ ਪ੍ਰਸ਼ਾਦ ਦੀ ਸੇਵਾ ਲਈ)
ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-2354, ਫੇਜ਼-10.ਮੋਹਾਲੀ।

| | | | | |
|---|---|---|---|---|
| 15. | ਸ. ਨਿਰਮਲ ਸਿੰਘ | 200/- | ਆਈ-218 | 13-02-2019 |

ਮੈਨਟੇਨੈਂਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।
ਮਕਾਨ ਨੰ-2354, ਫੇਜ਼-10, ਮੋਹਾਲੀ।

| | | | | |
|---|---|---|---|---|
| 16. | ਸ. ਬਲਵਿੰਦਰ ਸਿੰਘ ਮੁਲਤਾਨੀ | 200/- | ਆਈ-219 | 13-02-2019 |

ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।
# 541, ਫੇਸ-3, ਮੋਹਾਲੀ।

| | | | | |
|---|---|---|---|---|
| 17. | ਸਰਦਾਰਨੀ ਦਲਜੀਤ ਕੌਰ | 100/- | ਆਈ-220 | 13-02-2019 |

ਮਕਾਨ ਨੰ-5702, ਸੈਕਟਰ-38ਵੈਸਟ, ਚੰਡੀਗੜ੍ਹ।

| | | | | |
|---|---|---|---|---|
| 18. | ਸ. ਗੁਰਬਚਨ ਸਿੰਘ | 100/- | ਆਈ-221 | 13-02-2019 |

ਮਕਾਨ ਨੰ-2808/2, ਸੈਕਟਰ-47 ਸੀ, ਚੰਡੀਗੜ੍ਹ।

| | | | | |
|---|---|---|---|---|
| 19. | ਸ. ਗੁਰਦਿਆਲ ਸਿੰਘ ਸੈਣੀ | 500/- | ਆਈ-222 | 13-02-2019 |

ਮਕਾਨ ਨੰ-3178, ਸੈਕਟਰ-71, ਮੋਹਾਲੀ।

| | | | | |
|---|---|---|---|---|
| 20. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) | 500/- | ਆਈ-223 | 13-02-2019 |

#795, ਫੇਸ-3ਬੀ-1, ਮੋਹਾਲੀ।

| | | | | |
|---|---|---|---|---|
| 21. | ਸ. ਇੰਦਰਜੀਤ ਸਿੰਘ ਭਗਤਾਨਾ | 200/- | ਆਈ-224 | 13-012-2019 |

ਮਕਾਨ ਨੰ-1759, ਸੈਕਟਰ-43, ਚੰਡੀਗੜ੍ਹ।

| | | | | |
|---|---|---|---|---|
| 22. | ਸ. ਰਾਜਪਾਲ ਸਿੰਘ | 500/- | ਆਈ-225 | 13-02-2019 |

ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ,
ਮਕਾਨ ਨੰ-43, ਮਨੀ ਮਾਜਰਾ।

| | | | | |
|---|---|---|---|---|
| 23. | ਸ. ਕਰਤਾਰ ਸਿੰਘ | 1000/- | ਆਈ-227 | 27-02-2019 |

ਮਕਾਨ ਨੰ-28, ਅਟਵਾਲ ਕਲੋਨੀ, ਜਲੰਧਰ।

**ਭਵਨ ਵਿਖੇ ਸੋਲਰ ਸਿਸਟਮ ਲਗਵਾਉਣ ਲਈ ਦਾਨ ਦੇਣ ਵਾਲੇ ਦਾਨੀ ਸੱਜਣ**

| | | | | |
|---|---|---|---|---|
| 24. | ਸ. ਰਵਿੰਦਰ ਸਿੰਘ ਜਨਰਲ ਸਕੱਤਰ | 11,000/- | ਆਈ-192 | 01-02-2019 |

ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ।

| | | | | |
|---|---|---|---|---|
| 25. | ਸ. ਜਗੀਰ ਸਿੰਘ ਲਾਲੀਆ | 50,000/- | ਆਈ-193 | 01-02-2019 |

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।
ਮਕਾਨ ਨੰ-1838, ਸੈਕਟਰ-7, ਮੋਹਾਲੀ।

| | | | | |
|---|---|---|---|---|
| 26. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>#795, ਫੇਸ-3ਬੀ-1, ਮੋਹਾਲੀ। | 50,000/- | ਆਈ-194 | 01-02-2019 |
| 27. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ-3, ਮੋਹਾਲੀ। | 21,000/- | ਆਈ-195 | 02-02-2019 |
| 28. | ਸ. ਸੁਖਪਾਲ ਸਿੰਘ ਜਿੰਮੀ ਅਸਟਰੇਲੀਆ,<br>ਪੁੱਤਰ ਸ. ਨਿਰਮਲ ਸਿੰਘ ਮੈਨਟੇਨੈਂਸ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਭਵਨ,<br>ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਜ਼-10. ਮੋਹਾਲੀ। | 21,000/- | ਆਈ-197 | 02-02-2019 |
| 29. | ਕੈਪਟਨ ਜਸਵੰਤ ਸਿੰਘ ਸੀਨੀ. ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।<br>ਮਕਾਨ ਨੰ-2369, ਫੇਜ਼-11, ਮੋਹਾਲੀ। | 50,000/- | ਆਈ-198 | 02-02-2019 |
| 30. | ਜਸਟਿਸ ਬਖਸ਼ੀਸ਼ ਕੌਰ,<br>ਪਤਨੀ ਮੇਜਰ ਮੇਹਰ ਸਿੰਘ (ਰਿਟਾ.), ਮਕਾਨ ਨੰ-2371,<br>ਫੇਜ਼-11, ਮੋਹਾਲੀ। | 50,000/- | ਆਈ-199 | 02-02-2019 |
| 31. | ਸ. ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।<br>ਮਕਾਨ ਨੰ-43, ਮਨੀ ਮਾਜਰਾ। | 15,000/- | ਆਈ-201 | 08-02-2019 |
| 32. | ਸ. ਰਣਜੀਤ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।<br>ਮਕਾਨ ਨੰ-227, ਤਿਲਕ ਕਲੋਨੀ, ਪਹੇਵਾ, ਜ਼ਿਲ੍ਹਾ-ਕੁਰੂਕਸ਼ੇਤਰ। | 5,100/- | ਆਈ-202 | 09-02-2019 |
| 33. | ਸ. ਬਲਦੇਵ ਸਿੰਘ ਦੇਵ<br>ਰਾਜਨ ਨਗਰ, ਜਲੰਧਰ। | 21,000/- | ਆਈ-203 | 09-02-2019 |
| 34. | ਸ. ਮਨਜੀਤ ਸਿੰਘ ਮੁਲਤਾਨੀ<br>ਸੀਨੀ ਵਾਇਸ ਪ੍ਰਧਾਨ (ਐਨ.ਆਰ.ਆਈ) ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,<br>ਸੈਕਟਰ-30ਏ ਚੰਡੀਗੜ੍ਹ। ਮਕਾਨ ਨੰ-1005, ਸੈਕਟਰ-71, ਮੋਹਾਲੀ। | 3,50,000/- | ਆਈ-204 | 09-02-2019 |
| 35. | ਲੈਕ. ਸ. ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 25,000/- | ਆਈ-205 | 09-02-2019 |
| 36. | ਸ਼ਹੀਦ ਮੇਲਾ ਸਿੰਘ ਦਾ ਪਰਿਵਾਰ<br>ਮਕਾਨ ਨੰ-590, ਫੇਜ਼-1, ਮੋਹਾਲੀ। | 20,000/- | ਆਈ-226 | 15-02-2019 |



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Suitable match for Manglik Sharma girl born on May 7, 1990, Height – 5’4”, Gotar :-Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

LUBANA SIKH FAMILY SEEKING A SUITABLE MATCH FOR THIER SON 28 , 5’11” HANDSOME,WELL SETTLED PERMANENT RESIDENT IN CANADA. GIRL SHOULD BE PROFESSIONALLY QUALIFIED WITH GOOD HEIGHT MATCH. 9872199909 FATHER NO.

* * * * *

Suitable match for Surinderpal Singh, Dob-04-10-1990/5'6”, Education- B.B.A, Job-in Spain also settled in Spain. Father- Ex Sarpanch. Girl of Spain will be preferred. Contact no-94650-32765, 94178-62315

* * * * *

Suitable match for handsome lobana sikh boy Dob-31-03-1990/5'7”, education- M.C.A from Delhi University. Teacher in Army Public School Jalandhar Cantt. Annual package R.3-6 Lacs. Father retired from Delhi police. Now settled in Jalandhar permanently. Contact no-88268-18449, 81460-75553

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

Suitable match for lobana sikh boy D.O.B-Sep-1991/5'11", Job in Merchant Navy Officer, Father registered officer, required well educated girl. Girl should be teacher or in Banking line. Cont-98765-86130

* * * * *

PROFESSIONALLY QUALIFIED GIRL REQUIRED FOR LUBANA SIKH BOY BORN'APRIL,1991, Height 5' 11", BE,MBA (FIN), MNC ASSTT MANAGER, EARLY AND SIMPLE MARRIAGE. CONTACT - 09417145424,8360907886.

* * * * *

Suitable match for tall/handsome clean shaved boy Height-6'2"/Jan 1991, permanent resident of Canada and working as marketing executive in a communication company, looking for a tall, beautiful and professionally qualified girl willing to settle in Canada. Father servicing as Army officer and mother is a business woman. Only sister is a Captain in the Army as Doctor. Caste no bar, Cont no-99155-65429, 94680-40146

* * * * *

Suitable match for Lubana Sikh Turband boy Feb 1989 born height 5'9" B Tech CSE, Project Manager with Apple at California USA drawing USD one lac per annum. Belongs to well educated family. Contact No 8146549765, 9417122809.

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ



ਰੋਜ਼ ਫੈਸਟੀਵਲ ਦੇ ਮੌਕੇ ਤੇ ਚੰਡੀਗੜ੍ਹ ਐਡਮਨਿਸਟਰੇਸ਼ਨ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਮੈਨੇਜਮੈਂਟ ''ਬੈਸਟ ਭਵਨ ਰਿਲੀਜੀਅਸ ਪਲੇਸ ਨੋਨ ਗਵਰਨਮੈਂਟ ਪ੍ਰੀਮੀਸਿਸ'' ਦਾ ਐਵਾਰਡ ਪ੍ਰਾਪਤ ਕਰਦੇ ਹੋਏ



ਭਵਨ ਵਿਖੇ ਬਗੀਚੇ ਦਾ ਇਕ ਸੁੰਦਰ ਦ੍ਰਿਸ਼

Regd No. 32212/78 Postal No.-- G/CHD/0111/2018-2020

# Working Committee Meeting held on 09-02-2019



ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਨਵੇਂ ਕਾਨਫਰੈਂਸ ਰੂਮ ਦਾ ਉਦਘਾਟਨ ਕੀਤਾ।
ਉਦਘਾਟਨ ਸਮੇਂ ਨਾਲ ਖੜ੍ਹੇ ਹਨ ਸਾਬਕਾ ਪ੍ਰਧਾਨ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.),
ਅਤੇ ਵਰਕਿੰਗ ਕਮੇਟੀ ਦੇ ਮੈਂਬਰ ਸਾਹਿਬਾਨ

